# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 169 | Wednesday, September 04, 2019 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWS | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਐਨ ਡੀ ਪੀ ਦਾ ਸਾਥ ਛੱਡ ਕੇ ਵੱਡੀ ਗਿਣਤੀ ਉਮੀਦਵਾਰਾਂ ਨੇ ਗ੍ਰੀਨ ਪਾਰਟੀ ਦਾ ਪੱਲਾ ਫੜ੍ਹਿਆ

ਓਟਵਾ, 3 ਸਤੰਬਰ (ਪੋਸਟ ਬਿਊਰੋ) : ਨਿਊ ਬਰੰਜ਼ਵਿੱਕ ਤੋਂ ਚੋਂਦਾਂ ਨਿਊ ਡੈਮੋਕ੍ਰੈਟਸ ਤੇ ਇੱਕ ਫੈਡਰਲ ਕੈਂਪੇਨ ਐਗਜ਼ੈਕਟਿਵ ਵੱਲੋਂ ਫੈਡਰਲ ਪਾਰਟੀ ਤੋਂ ਸਮਰਥਨ ਵਾਪਿਸ ਲੈ ਕੇ 2019 ਦੀਆਂ ਫੈਡਰਲ ਚੋਣਾਂ ਵਿੱਚ ਗ੍ਰੀਨ ਪਾਰਟੀ ਤੇ ਉਸ ਦੀ ਆਗੂ ਐਲਿਜ਼ਾਬੈੱਥ ਮੇਅ ਨਾਲ ਖੜ੍ਹਨ ਦਾ ਤਹੱਈਆ ਪ੍ਰਗਟਾਇਆ ਗਿਆ ਹੈ।



ਇੱਕ ਇੰਟਰਵਿਊ ਵਿੱਚ ਮੇਅ ਨੇ ਆਖਿਆ ਕਿ ਐਨਡੀਪੀ ਦੇ ਇਨ੍ਹਾਂ ਸਾਰੇ ਉਮੀਦਵਾਰਾਂ ਦੇ ਆਪਣੀ ਪੁਰਾਣੀ ਪਾਰਟੀ ਨਾਲੋਂ ਤੋੜ ਵਿਛੋੜਾ ਕਰਕੇ ਸਾਡੀ ਪਾਰਟੀ ਨੂੰ ਸਮਰਥਨ ਦੇਣ ਨਾਲ ਸਾਡੀ ਪਾਰਟੀ ਹੋਰ ਮਜ਼ਬੂਤ ਹੋ ਗਈ ਹੈ। ਐਨਡੀਪੀ ਨਾਲੋਂ ਖੁਦ ਨੂੰ ਵੱਖ ਕਰਨ ਦੇ ਸਬੰਧ ਵਿੱਚ ਜਾਰੀ ਕੀਤੇ ਗਏ ਬਿਆਨ ਵਿੱਚ ਐਨਡੀਪੀ ਦੀ ਇਲੈਕਸ਼ਨ ਪਲੈਨਿੰਗ ਕਮੇਟੀ ਦੇ ਮੈਂਬਰ ਤੇ ਐਟਲਾਂਟਿਕ ਕੈਨੇਡਾ ਦੀ ਨੁਮਾਇੰਦਗੀ ਕਰਨ ਵਾਲੇ ਜੌਨਾਥਨ ਰਿਚਰਡਸਨ ਨੇ ਆਖਿਆ ਕਿ ਉਨ੍ਹਾਂ ਦੇ ਇਸ ਫੈਸਲੇ ਪਿੱਛੇ ਵੱਡਾ ਕਾਰਨ ਪਾਰਟੀ ਦਾ ਆਪਣੇ ਮੰਤਵ ਤੋਂ ਭਟਕ ਜਾਣਾ ਹੈ। ...ਬਾਕੀ ਪੰਨਾ 6 'ਤੇ



ਏਅਰ ਇੰਡੀਆ ਦੇ ਟਰਾਂਟੋ ਮੈਨੇਜਰ ਸੰਦੀਪ ਚੌਧਰੀ ਦਾ ਗਾਉਂਦਾ ਪੰਜਾਬ ਰੇਡੀਓ ਸਟੂਡਿਓ 1610 ਪਹੁੰਚਣ 'ਤੇ ਸਵਾਗਤ ਕੀਤਾ ਗਿਆ। ਅਸੀਂ ਸਮੂਹ ਭਾਈਚਾਰੇ ਨੂੰ 27 ਸਤੰਬਰ ਤੋਂ ਸ਼ੁਰੂ ਹੋ ਰਹੀ ਏਅਰ ਇੰਡੀਆ ਡਾਇਰੈਕਟ ਫਲਾਈਟ ਦੀ ਵਧਾਈ ਦਿੰਦੇ ਹਾਂ।

# ਹੈਲਥ ਕੈਨੇਡਾ ਵੱਲੋਂ ਓਨਟਾਰੀਓ ਵਿੱਚ ਵਿਕ ਰਹੇ ਅਣਅਧਿਕਾਰਤ ਉਤਪਾਦ ਜ਼ਬਤ

ਓਨਟਾਰੀਓ, 3 ਸਤੰਬਰ (ਪੋਸਟ ਬਿਊਰੋ) : ਅਣਅਧਿਕਾਰਤ ਤੌਰ ਉੱਤੇ ਓਸ਼ਾਵਾ, ਓਨਟਾਰੀਓ ਵਿੱਚ ਵੇਚੇ ਜਾ ਰਹੇ ਬਿਊਟੀ ਉਤਪਾਦਾਂ ਦੇ ਸਬੰਧ ਵਿੱਚ ਹੈਲਥ ਕੈਨੇਡਾ ਵੱਲੋਂ ਚੇਤਾਵਨੀ ਜਾਰੀ ਕੀਤੀ ਗਈ ਹੈ। ਇਸ ਚੇਤਾਵਨੀ ਵਿੱਚ ਆਖਿਆ ਗਿਆ ਹੈ ਕਿ ਇਹ ਉਤਪਾਦ ਕੰਜ਼ਿਊਮਰ ਦੀ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੇ ਹਨ।




3 ਸਤੰਬਰ ਨੂੰ ਜਾਰੀ ਕੀਤੇ ਗਏ ਬਿਆਨ ਅਨੁਸਾਰ ਏਜੰਸੀ ਵੱਲੋਂ ਬੇਲੈਂਡਾ ਡਾ. ਮੈਡੀਕਾ ਐਂਟੀ ਐਕਨੇ ਡੇਅ/ਨਾਈਟ ਕ੍ਰੀਮ ਤੇ ਟੋਨਿੰਗ ਲਿਕੁਇਡ ਜ਼ਬਤ ਕੀਤਾ ਗਿਆ ਹੈ। ਇਸ ਵਿੱਚ ਓਸ਼ਾਵਾ, ਓਨਟਾਰੀਓ ਸਥਿਤ ਦ ਡੇਲੀ ਕੌਰਨਰ ਤੋਂ ਨੁਸਖੇ ਉੱਤੇ ਆਧਾਰਿਤ ਦਵਾਈ ਵੀ ਸ਼ਾਮਲ ਹੈ ਤੇ ਇਸ ਦਾ ਵਿਕਰੇਤਾ ਓਕਵਿੱਲੇ, ਓਨਟਾਰੀਓ ਨਾਲ ਸਬੰਧਤ ਹੈ।

ਇਸ ਐਂਟੀ ਐਕਨੇ (ਮੁਹਾਸਿਆਂ ਨੂੰ ਖ਼ਤਮ ਕਰਨ ਲਈ) ਉਤਪਾਦ ਵਿੱਚ ਐਜ਼ੀਲੈਕ ਐਸਿਡ ਪਾਇਆ ਗਿਆ ਹੈ। ਇਹ ਫੌਰਮੂਲਾ ਰੋਸੇਸ਼ੀਆ ਨਾਂ ਦੀ ਬਿਮਾਰੀ ਦੇ ਇਲਾਜ ਲਈ ਵਰਤਿਆ ਜਾਂਦਾ ਹੈ। ਹੈਲਥ ਕੈਨੇਡਾ ਦਾ ਕਹਿਣਾ ਹੈ ਕਿ ਅਣਅਧਿਕਾਰਤ ਉਤਪਾਦ ਗੰਦੇ ਹੋ ਸਕਦੇ ਹਨ, ਇਨ੍ਹਾਂ ਵਿੱਚ ਅਜਿਹੇ ਖਤਰਨਾਕ ਤੱਤ ਪਾਏ ਗਏ ਹੋ ਸਕਦੇ ਹਨ ਜਿਨ੍ਹਾਂ ਦਾ ਜ਼ਿਕਰ ਲੇਬਲ ਉੱਤੇ ਨਾ ਹੋਵੇ ਜਾਂ ਫਿਰ ਲੇਬਲ ਉੱਤੇ ਦਰਜ ਤੱਤ ਅਜਿਹੇ ਉਤਪਾਦਾਂ ਵਿੱਚ ਹੋਣ ਹੀ ਨਾ ਅਜਿਹਾ ਵੀ ਹੋ ਸਕਦਾ ਹੈ। ...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ

ਓ ਕੇ ਡੀ ਫੀਲਡ ਹਾਕੀ ਕਲੱਬ ਦਾ 8ਵਾਂ ਸਲਾਨਾ ਟੂਰਨਾਮੈਂਟ ਸਫਲ ਰਿਹਾ



ਪੰਨਾ 5



ਪੰਜਾਬੀ ਲੋਕ ਨਾਚ ਅਕੈਡਮੀ ਨੇ ਫਲਾਵਰਸਿਟੀ ਦੇ ਭੰਗੜਿਆਂ ਦੇ ਮੁਕਾਬਲਿਆਂ 'ਚ ਲਗਾਤਾਰ ਤੀਜੀ ਵਾਰ ਮੁਕਾਬਲਾ ਜਿੱਤਕੇ ਰਚਿਆ ਇਤਿਹਾਸ। ਮੁਕਾਬਲੇ ਤੋਂ ਬਾਅਦ ਪੰਜਾਬੀ ਲੋਕ ਨਾਚ ਅਕੈਡਮੀ ਦੀ ਭੰਗੜੇ ਦੀ ਟੀਮ ਯਾਦਗਾਰੀ ਤਸਵੀਰ ਕਰਵਾਉਣ ਸਮੇਂ।


Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE — NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

Canada Consumer Credit Assistance — ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

JOSHI LAW OFFICE
Barrister, Solicitor & Notary Public
info@joshilawoffice.com | joshilawoffice.com
❖Immigration
❖Real Estate / Commercial Law
❖Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
• Payment Weekly
• Direct Deposit
• Safety Bonus Program
• Fuel surcharge paid
• Container division paid per mile (additional paid on train units).
New rates!!!!
Call Matt, or Wayne at 1-800-265-8526

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0011
NC Dhawan Certified Instructor

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

ਨਵਾਂ ਘਾਹ ਲਵਾਉ 647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# Dr. Randhawa Dentistry

*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
Squire Ellis Dr
Countryside Dr



# APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com

Laddi



Check our Free E-paper
at: www.canadianpunjabipost.ca

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



# ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

KITCHEN CABINET
Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ

Free Estimate

100% Satisfaction

We Specialize in granite, quartz & marble countertops

KITCHEN CABINET
WASHROOM

- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles..................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
416-200-0931



RPC
Royal Pizza & Curry Hut

11am - 11pm | 7 Days a Week
184 Main Street South,
Unit D., Brampton

$8.97 +Tax
X-Large (16") Fully Loaded Pizza *With 5 Toppings (Any)

WE SPECIALIZE IN VEGAN FOOD

UNDER $10 CURRIES WITH FREE NAAN
LOTS TO CHOOSE FROM

905-450-2777
647-906-3295

Kotakpura Aata Chicken
Get $5 Off with Special Coupon from PunjabiPost
WAS $25 NOW $20



Data everywhere. No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr
AUTHORIZED DEALER

379 Main St. North, Brampton, ON
905-451-0379
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਢਿੱਲਾ ਪਿਆ ਕੁਝ ਖਾਨ ਇਮਰਾਨ ਲੱਗਦਾ,
ਸਾਬਕਾ ਬੀਵੀ ਪਈ ਮਾਰਦੀ ਸੱਟ ਮਿੱਤਰ।
ਕਹਿੰਦੀ ਪਿੱਛੇ ਇਮਰਾਨ ਖਾਂ ਇੰਜ ਹਟਿਆ,
ਰਸਤਾ ਬਿੱਲੀ ਜਿਉਂ ਗਈ ਹੈ ਕੱਟ ਮਿੱਤਰ।
ਨਿਭ ਰਹੇ ਨਾਲ ਜਰਨੈਲ ਕੁਝ ਜਾਪਦੇ ਨਹੀਂ,
ਸਿਆਸੀ ਲੋਕ ਵੀ ਪਾਸਾ ਰਹੇ ਵੱਟ ਮਿੱਤਰ।
ਅੱਧਾ ਘੰਟਾ ਉਸ ਰੁਕਣ ਲਈ ਕਾਲ ਦਿੱਤੀ,
ਮੰਨਿਆ ਲੋਕਾਂ ਨੇ ਬਹੁਤਾ ਸੀ ਘੱਟ ਮਿੱਤਰ।
ਦਿੱਸ ਰਿਹਾ ਅੱਜ ਕਿ ਆਪਣੇ ਦੇਸ਼ ਅੰਦਰ,
ਰਹੀ ਇਮਰਾਨ ਦੀ ਖਾਸ ਨਾ ਪੁੱਛ ਮਿੱਤਰ।
ਰੱਖਦਾ ਆਪ ਤਾਂ ਮੁੱਛ ਇਮਰਾਨ ਖਾਂ ਨਹੀਂ,
ਕੀਤੀ ਮੁਲਕ ਦੀ ਨੀਚੀ ਆ ਮੁੱਛ ਮਿੱਤਰ।

ਤੀਸ ਮਾਰ ਖਾਂ

# ਪਾਕਿਸਤਾਨ ਵਿੱਚ ਗ੍ਰੰਥੀ ਸਿੰਘ ਦੀ ਅਗਵਾ ਕੀਤੀ ਧੀ ਵਾਪਸ ਮਿਲੀ

### * ਲਹਿੰਦੇ ਪੰਜਾਬ ਦੇ ਗਵਰਨਰ ਦੇ ਦਖਲ ਨਾਲ ਮਸਲਾ ਹੱਲ

ਲਾਹੌਰ, 3 ਸਤੰਬਰ, (ਪੋਸਟ ਬਿਊਰੋ)- ਪਾਕਿਸਤਾਨ ਦੇ ਇੱਕ ਇਤਿਹਾਸਕ ਗੁਰਦੁਆਰਾ ਸਾਹਿਬ ਦੀ ਸੇਵਾ ਕਰਦੇ ਗ੍ਰੰਥੀ ਸਿੰਘ ਦੀਧੀ, ਜਿਹੜੀ ਅਗਵਾ ਕਰਨ ਮਗਰੋਂਮੁਸਲਮਾਨ ਬਣਾਈ ਗਈ ਸੀ, ਨੂੰ ਅੱਜ ਸ਼ਾਮ ਉਸ ਦੇ ਪਰਿਵਾਰ ਕੋਲ ਭੇਜ ਦਿੱਤਾ ਗਿਆ ਹੈ। ਉਸ ਨੂੰ ਪਾਕਿਸਤਾਨੀ ਪੰਜਾਬ ਦੇ ਗਵਰਨਰ ਦੇ ਦਫਤਰ ਵਿੱਚ ਸਰਕਾਰ ਦੇ ਉੱਚਅਧਿਕਾਰੀਆਂ ਤੇ ਸਿੱਖ ਭਾਈਚਾਰੇ ਦੀ 30 ਮੈਂਬਰੀ ਕਮੇਟੀ ਵਿਚਾਲੇ ਇੱਕ ਸਮਝੌਤੇ ਪਿੱਛੋਂ ਪਰਿਵਾਰ ਨੂੰ ਸੌਂਪਿਆ ਗਿਆ, ਜਿਸ ਨਾਲ ਪਿਛਲੇ ਪੰਜ ਦਿਨਾਂ ਤੋਂ ਚੱਲ ਰਿਹਾ ਵਿਵਾਦ ਖ਼ਤਮ ਹੋ ਗਿਆ ਹੈ।

ਲਹਿੰਦੇ ਪੰਜਾਬ ਦੇ ਗਵਰਨਰ ਚੌਧਰੀ ਸਰਵਰ ਨੇ ਆਪਣੇ ਸਰਕਾਰੀ ਅਕਾਊਂਟ ਤੋਂ ਕੀਤੇ ਟਵੀਟ ਵਿੱਚਦੱਸਿਆ ਕਿ ਇਸ ਮਾਮਲੇ ਦਾ ਸ਼ਾਂਤੀ ਨਾਲ ਹੱਲ ਕਰ ਲਿਆ ਹੈ। ਗਵਰਨਰ ਨੇ ਜਗਜੀਤ ਕੌਰ ਤੇ ਜਿਸ ਨੌਜਵਾਨ ਨਾਲ ਉਸ ਦਾ ਨਿਕਾਹ ਪੜ੍ਹਵਾਇਆ ਗਿਆ ਸੀ, ਦੋਵਾਂ ਦੇ



ਪਰਿਵਾਰਾਂ ਦਾ ਧੰਨਵਾਦ ਕੀਤਾ, ਜਿਹੜੇ ਇਸ ਕੇਸ ਦੇ ਹੱਲ ਵਾਸਤੇ ਗਵਰਨਰ ਹਾਊਸ ਪੁੱਜੇ ਸਨ।ਗਵਰਨਰ ਨੇ ਟਵੀਟ ਕੀਤਾ, 'ਪਾਕਿਸਤਾਨ ਤੇ ਦੁਨੀਆ ਭਰ ਵਿੱਚ ਬੈਠੇ ਸਿੱਖ ਭਾਈਚਾਰੇ ਦੇ ਲੋਕਾਂ ਲਈ ਵੱਡੀ ਖ਼ਬਰ ਹੈ। ਨਨਕ-ਾਣਾ ਸਾਹਿਬ ਦੀ ਲੜਕੀ ਦੇ ਮਸਲੇ ਨੂੰ ਸ਼ਾਂਤੀਪੂਰਵਕ ਢੰਗ ਨਾਲ ਹੱਲ ਕਰ ਲਿਆ ਤੇ ਉਹ ਲੜਕੀ ਆਪਣੇ ਪਰਿਵਾਰ ਕੋਲ ਸੁਰੱਖਿਅਤ ਹੈ।' ਉਨ੍ਹਾਂ ਕਿਹਾ ਕਿ ਅਸੀਂ ਘੱਟ ਗਿਣਤੀਆਂ ਦੇ ਅਧਿਕਾਰਾਂ ਨੂੰ ਯਕੀਨੀ ਬਣਾਵਾਂਗੇ। ਇਕ ਵੀਡੀਓ ਵਿੱਚ ਗਵਰਨਰ ਚੌਧਰੀ ਸਰਵਰ ਨੇ ਕਿਹਾ ਕਿ ਜਗਜੀਤ ਕੌਰ ਨਾਲ ਜ਼ਬਰਦਸਤੀ ਨਿਕਾਹ ਕਰਾਉਣ ਵਾਲੇ ਨੌਜਵਾਨ ਦੇ ਬਾਪ ਨੇ ਕਿਹਾ ਹੈ ਕਿ ਉਹ ਲੜਕੀ ਨੂੰ ਲੈਣ ਲਈ ਕਿਸੇ ਅਦਾਲਤ ਵਿੱਚ ਨਹੀਂ ਜਾਣਗੇ, ਜੇ ਉਹ ਆਪਣੇ ਪਰਿਵਾਰ ਕੋਲ ਜਾਣਾ ਚਾਹੁੰਦੀ ਹੈ ਤਾਂ ਸਾਨੂੰ ਕੋਈ ਇਤਰਾਜ਼ ਨਹੀਂ।

ਇਸ ਤੋਂ ਪਹਿਲਾਂ ਪੀੜਤ ਗ੍ਰੰਥੀ ਸਿੰਘ ਦੇ ਪਰਿਵਾਰ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਇਸ ਕੇਸ ਵਿੱਚ ਦਖ਼ਲ ਦੇਣ ਤੇ ਇਨਸਾਫ ਦੁਆਉਣ ਦੀ ਅਪੀਲ ਕੀਤੀ ਅਤੇਇਹ ਕੇਸ ਕੌਮਾਂਤਰੀ ਸਿੱਖ ਭਾਈਚਾਰੇ ਤੱਕ ਪੁਚਾਇਆ ਸੀ, ਜਿਸ ਨੇ ਇਸ ਘਟਨਾ ਦੀ ਸੰਸਾਰ ਭਰ ਵਿੱਚ ਨਿੰਦਾ ਕੀਤੀ ਅਤੇ ਪਾਕਿਸਤਾਨ ਸਰਕਾਰ ਨੂੰ ਕਾਰਵਾਈ ਲਈ ਮਜਬੂਰ ਕੀਤਾ ਸੀ। ਪਿਛਲੇ ਸ਼ਨਿਚਰਵਾਰ ਲਾਹੌਰ ਵਿੱਚ ਸ਼ੁਰੂ ਹੋਏ ਕੌਮਾਂਤਰੀ ਸਿੱਖ ਸੰਮੇਲਨ ਦਾ ਬਾਈਕਾਟ ਕਰਨ ਦੀ ਧਮਕੀ ਵੀਕਈ ਲੋਕਾਂ ਨੇ ਦੇ ਦਿੱਤੀ ਸੀ, ਜਿਸ ਨਾਲ ਸੰਸਾਰ ਭਾਈਚਾਰੇ ਸਾਹਮਣੇ ਪਾਕਿਸਤਾਨ ਦਾ ਅਕਸ ਹੋਰ ਖ਼ਰਾਬ ਹੋ ਰਿਹਾ ਸੀ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਵੀ ਪਾਕਿਸਤਾਨੀ ਅਧਿਕਾਰੀਆਂ ਨੂੰ ਇਸ ਬਾਰੇ ਕਾਰਵਾਈ ਕਰਨ ਲਈ ਕਿਹਾ ਸੀ।

# ਮੁਆਵਜ਼ੇ ਦੇ 1.11 ਕਰੋੜ ਡਕਾਰਨ ਵਾਲੇ ਕਾਨੂੰਨਗੋ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ

ਫਿਰੋਜ਼ਪੁਰ, 3 ਸਤੰਬਰ (ਪੋਸਟ ਬਿਊਰੋ)- ਕੇਂਦਰ ਸਰਕਾਰ ਦੇ ਇਕ ਕਰੋੜ ਗਿਆਰਾਂ ਲੱਖ ਰੁਪਏ ਡਕਾਰ ਜਾਣ ਵਾਲੇ ਕਾਨੂੰਨਗੋ ਬਲਕਾਰ ਸਿੰਘ ਨੂੰ ਡਿਪਟੀ ਕਮਿਸ਼ਨਰ ਚੰਦਰ ਗੈਂਦ ਨੇ ਨੌਕਰੀ ਤੋਂ ਕੱਢ ਦਿੱਤਾ ਹੈ। ਉਨ੍ਹਾ ਨੇ ਬਲਕਾਰ ਸਿੰਘ ਤੇ ਹੋਰਨਾਂ ਦੋਸ਼ੀਆਂ ਦੇ ਖਿਲਾਫ ਕਾਨੂੰਨੀ ਕਾਰਵਾਈ ਲਈ ਐਸ ਐਸ ਪੀ ਨੂੰ ਪੱਤਰ ਵੀ ਲਿਖਿਆ ਹੈ।

ਡਿਪਟੀ ਕਮਿਸ਼ਨਰ ਨੇ ਹੁਕਮ ਲਿਖਿਆ ਹੈ ਕਿ ਬਲਕਾਰ ਸਿੰਘ ਕਾਨੂੰਨਗੋ ਨੇ ਪਿੰਡ ਪੱਲਾ ਮੇਘਾ ਦੇ ਮਾਲ ਰਿਕਾਰਡ ਵਿੱਚ ਛੇੜਛਾੜ ਕਰਕੇ ਆਪਣੇ ਸਾਲੇ ਬਿੱਲੂ ਸਿੰਘ ਤੇ ਇਕ ਹੋਰ ਵਿਅਕਤੀ ਅੰਮ੍ਰਿਤਬੀਰ ਸਿੰਘ ਨੂੰ ਫਰਜ਼ੀ ਮਾਲਕ ਦਿਖਾ ਕੇ ਸਰਕਾਰ ਦਾ 1,11,08,236 ਰੁਪਏ ਦਾ ਨੁਕਸਾਨ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ ਹੈ। ਇਸ ਮੁਲਾਜ਼ਮ ਨੇ ਪੜਤਾਲ ਅਫਸਰ ਕੋਲ ਨਿੱਜੀ ਸੁਣਵਾਈ ਸਮੇਂ ਆਪਣੇ ਪੱਖ ਵਿੱਚ ਅਜਿਹਾ ਕੋਈ ਦਸਤਾਵੇਜ਼ ਪੇਸ਼ ਨਹੀਂ ਕੀਤਾ ਹੈ, ਜਿਸ ਤੋਂ ਉਸ ਨੂੰ ਨਿਰਦੋਸ਼ ਕਰਾਰ ਦਿੱਤਾ ਜਾਵੇ। ਡਿਪਟੀ ਕਮਿਸ਼ਨਰ ਨੇ ਲਿਖਿਆ ਕਿ ਇਹ ਦੋਸ਼ੀ ਭਵਿੱਖ ਵਿੱਚ ਵੀ ਸਰਕਾਰੀ ਰਿਕਾਰਡ ਨਾਲ ਛੇੜਛਾੜ ਕਰ ਸਕਦਾ ਹੈ, ਇਸ ਲਈ ਉਸ ਨੂੰ ਨੌਕਰੀ ਤੋਂ ਕੱਢਿਆ ਜਾਂਦਾ ਹੈ। ਬੀਤੇ ਦਿਨੀਂ ਵੀਰਵਾਰ ਡੀ ਸੀ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਨੂੰ ਚੁਣੌਤੀ ਦੇਣ ਲਈ ਬਲਕਾਰ ਸਿੰਘ ਕੋਲ 45 ਦਿਨ ਦਾ ਸਮਾਂ ਹੈ।

# ਅੱਠ ਮਹੀਨਿਆਂ 'ਚ 19 ਮਿਲੀਅਨ ਕੈਨੇਡੀਅਨਾਂ ਦੇ ਡਾਟਾ ਦੀ ਹੋਈ ਉਲੰਘਣਾ

ਓਟਵਾ, 3 ਸਤੰਬਰ (ਪੋਸਟ ਬਿਊਰੋ) : ਸੋਮਵਾਰ ਨੂੰ ਲਾਂਚ ਕੀਤੇ ਗਏ ਨਵੇਂ ਪੌਡਕਾਸਟ ਅਟੈਂਸ਼ਨ ਕੰਟਰੋਲ ਵਿੱਦ ਕੈਵਿਨ ਨਿਊਮੈਨ ਵੱਲੋਂ ਹਾਸਲ ਕੀਤੇ ਗਏ ਅੰਕੜਿਆਂ ਅਨੁਸਾਰ ਨਵੰਬਰ 2018 ਤੇ ਜੂਨ 2019 ਦਰਮਿਆਨ ਅੰਦਾਜ਼ਨ 19 ਮਿਲੀਅਨ ਕੈਨੇਡੀਅਨ ਡਾਟਾ ਦੀ ਉਲੰਘਣਾਂ ਤੋਂ ਪ੍ਰਭਾਵਿਤ ਹੋਏ।

ਪ੍ਰਾਈਵੇਸੀ ਕਮਿਸ਼ਨਰ ਆਫ ਕੈਨੇਡਾ (ਓਪੀਸੀ) ਦੇ ਆਫਿਸ ਕੋਲ ਦਰਜ ਕਰਵਾਈਆਂ ਗਈਆਂ ਰਿਪੋਰਟਾਂ ਅਨੁਸਾਰ ਇਹ ਅੰਕੜੇ 446 ਡਾਟਾ ਉਲੰਘਣਾ ਦੇ ਮਾਮਲਿਆਂ ਨਾਲ ਜੁੜੇ ਪਾਏ ਗਏ। ਲੋਕ ਆਮ ਤੌਰ ਉੱਤੇ ਚੋਰੀ, ਵਿੱਤੀ ਕ੍ਰਾਈਮ, ਇੱਥੋਂ ਤੱਕ ਕਿ ਕਈ ਮਾਮਲਿਆਂ ਵਿੱਚ ਹਿੰਸਾ ਦੇ ਵੀ ਸਹਿਜ ਭਾਅ ਸ਼ਿਕਾਰ ਹੋ ਜਾਂਦੇ ਹਨ। ਨਵੇਂ ਰਿਪੋਰਟਿੰਗ ਲਾਅਜ਼ ਪਿਛਲੇ ਸਾਲ ਨਵੰਬਰ ਵਿੱਚ ਪ੍ਰਭਾਵੀ ਹੋਏ ਤੇ ਇਨ੍ਹਾਂ ਤਹਿਤ ਕਾਰੋਬਾਰੀਆਂ ਨੂੰ ਇਹ ਹਦਾਇਤ ਕੀਤੀ ਗਈ ਕਿ ਇਸ ਤਰ੍ਹਾਂ ਦੀਆਂ ਉਲੰਘਣਾਂਵਾਂ ਬਾਰੇ ਫੌਰੀ ਤੌਰ ਉੱਤੇ ਓਪੀਸੀ ਨੂੰ ਜਾਣੂ ਕਰਵਾਇਆ ਜਾਵੇ। ਉਸ ਅਰਸੇ ਤੋਂ ਜੂਨ 2019 ਦਰਮਿਆਨ ਓਪੀਸੀ ਕੋਲ ਡਾਟਾ ਉਲੰਘਣਾ ਦੇ 446 ਮਾਮਲੇ ਦਰਜ ਕਰਵਾਏ ਗਏ। ਇਹ ਅੰਕੜੇ ਪਿਛਲੇ ਵਾਲੰਟੈਰੀ ਰਿਪੋਰਟਿੰਗ ਸਿਸਟਮ ਤਹਿਤ ਦਰਜ ਕਰਵਾਏ ਗਏ ਅੰਕੜਿਆਂ ਤੋਂ ਛੇ ਗੁਣਾਂ ਜ਼ਿਆਦਾ ਸਨ।

ਕੈਨੇਡਾ ਦੀ ਚੋਣ ਕੈਂਪੇਨ ਦੌਰਾਨ ਇਸ ਤੱਥ ਦੀ



ਕਾਫੀ ਅਹਿਮੀਅਤ ਹੈ ਕਿਉਂਕਿ ਪਾਰਟੀਆਂ ਸੋਸ਼ਲ ਮੀਡੀਆ ਉੱਤੇ ਸਿਆਸੀ ਸੁਨੇਹਿਆਂ ਨਾਲ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਵੱਧ ਤੋਂ ਵੱਧ ਜਾਣਕਾਰੀ ਇੱਕਠੀ ਕਰਨ ਲਈ ਪੱਬਾਂ ਭਾਰ ਹੋਈਆਂ ਰਹਿੰਦੀਆਂ ਹਨ। ਪਰ ਸਿਆਸੀ ਪਾਰਟੀਆਂ ਨੂੰ ਡਾਟਾ ਦੀ ਉਲੰਘਣਾਂ ਸਬੰਧੀ ਜਾਣਕਾਰੀ ਵਿਅਕਤੀ ਵਿਸ਼ੇਸ਼ ਜਾਂ ਓਪੀਸੀ ਨੂੰ ਨਹੀਂ ਦੇਣੀ ਹੁੰਦੀ। ਇਨ੍ਹਾਂ ਪਾਰਟੀਆਂ ਨੂੰ ਅਜਿਹੇ ਪ੍ਰਾਈਵੇਸੀ ਨਿਯਮਾਂ ਤੋਂ ਛੋਟ ਹੈ ਜਿਹੜੇ ਸਟੋ-ਰੇਜ, ਜਾਣਕਾਰੀ ਇੱਕਠੀ ਕਰਨ ਤੇ ਨਿਜੀ ਜਾਣਕਾਰੀ ਦੀ ਵਰਤੋਂ ਕਰਨ ਦੇ ਕੰਮ ਨੂੰ ਨਿਯੰਤਰਿਤ ਕਰਦੇ ਹਨ।

ਇੱਥੇ ਦੱਸਣਾ ਬਣਦਾ ਹੈ ਕਿ ਪਬਲਿਕ ਏਜੰਸੀਆਂ ਕੋਲ ਕੈਨੇਡੀਅਨਾਂ ਦੀ ਬਹੁਤ ਹੀ ਸੰਵੇਦਨਸ਼ੀਲ ਜਾਣਕਾਰੀ ਤੱਕ ਹੈ ਜਿਸ ਵਿੱਚ ਵਿੱਤੀ ਡਾਟਾ, ਮੈਡੀਕਲ ਜਾਣਕਾਰੀ ਤੋਂ ਇਲਾਵਾ ਇਹ ਜਾਣਕਾਰੀ ਵੀ ਹੈ ਕਿ ਤੁਸੀਂ ਵੋਟ ਕਿਵੇਂ ਪਾਉਂਦੇ ਹੋਂ। ਅਟੈਂਸ਼ਨ ਕੰਟਰੋਲ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਆਗਾਮੀ ਫੈਡਰਲ ਚੋਣਾਂ ਦੌਰਾਨ ਸੰਭਾਵੀ ਤੌਰ ਉੱਤੇ ਲੋਕਾਂ ਨੂੰ ਗੁੰਮਰਾਹ ਕਰਨ ਤੇ ਉਨ੍ਹਾਂ ਦੇ ਵਿਚਾਰ ਬਲਦਣ ਲਈ ਸਿਆਸਤ ਨਾਲ ਜੁੜੇ ਲੋਕਾਂ ਵੱਲੋਂ ਇਸ ਤਰ੍ਹਾਂ ਦੀ ਜਾਣਕਾਰੀ ਦੀ ਵਰਤੋਂ ਕਿਸ ਤਰ੍ਹਾਂ ਕੀਤੀ ਜਾਵੇਗੀ।

# ਛੁੱਟੀਆਂ ਤੋਂ ਬਾਅਦ ਬੱਚੇ ਸਕੂਲ ਪਹੁੰਚੇ, ਅਧਿਆਪਕਾਂ ਤੇ ਐਜੂਕੇਸ਼ਨਲ ਵਰਕਰਜ਼ ਦਾ ਕਾਂਟਰੈਕਟ ਮੁੱਕਿਆ



ਟੋਰਾਂਟੋ, 3 ਸਤੰਬਰ (ਪੋਸਟ ਬਿਊਰੋ) : ਮੰਗਲਵਾਰ ਨੂੰ ਸਕੂਲ ਖੁੱਲ੍ਹਣ ਕਾਰਨ ਓਨਟਾਰੀਓ ਦੇ ਵਿਦਿਆਰਥੀ ਕਲਾਸਾਂ ਵਿੱਚ ਆ ਪਹੁੰਚੇ। ਪਰ ਦੂਜੇ ਪਾਸੇ ਸਰਕਾਰ ਤੇ ਪਬਲਿਕ ਸਕੂਲ ਟੀਚਰਜ਼ ਅਤੇ ਐਜੂਕੇਸ਼ਨਲ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀਆਂ ਯੂਨੀਅਨਾਂ ਦਰਮਿਆਨ ਨਵੇਂ ਕਾਂਟਰੈਕਟ ਸਬੰਧੀ ਗੱਲਬਾਤ ਅਜੇ ਚੱਲ ਰਹੀ ਹੈ।

ਜ਼ਿਕਰਯੋਗ ਹੈ ਕਿ ਸਿੱਖਿਆ ਖੇਤਰ ਨਾਲ ਜੁੜੇ ਕਾਂਟਰੈਕਟਸ ਸ਼ਨਿੱਚਰਵਾਰ ਨੂੰ ਖਤਮ ਹੋ ਗਏ। ਨਵੇਂ ਕਾਂਟਰੈਕਟਸ ਲਈ ਗੱਲਬਾਤ ਅਜੇ ਮੁੱਢਲੇ ਪੜਾਅ ਉੱਤੇ ਹੀ ਹੈ। ਪਰ ਇਸ ਦੇ ਬਾਵਜੂਦ ਅਧਿਆਪਕਾਂ ਦੀ ਬੇਚੈਨੀ ਸਬੰਧੀ ਸੁਰ ਹੁਣੇ ਤੋਂ ਹੀ ਉੱਠਣ ਲੱਗੇ ਹਨ। 55,000 ਐਜੂਕੇਸ਼ਨ ਵਰਕਰਜ਼ ਜਿਨ੍ਹਾਂ ਵਿੱਚ ਕਸਟੋਡੀਅਨ, ਕਲੈਰੀਕਲ ਵਰਕਰਜ਼ ਤੇ ਐਜੂਕੇਸ਼ਨਲ ਅਸਿਸਟੈਂਟਸ ਸ਼ਾਮਲ ਹਨ, ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਵੱਲੋਂ ਮੰਗਲਵਾਰ ਨੂੰ ਸਰਕਾਰ ਤੇ ਪ੍ਰੋਵਿੰਸ ਦੇ ਸਕੂਲ ਬੋਰਡਜ਼ ਨਾਲ ਥੋੜ੍ਹੀ ਬਹੁਤ ਤੋਲ ਮੋਲ ਕਰਨ ਤੋਂ ਬਾਅਦ ਹੜਤਾਲ ਦੇ ਸਬੰਧ ਵਿੱਚ ਆਪਣੇ ਮੈਂਬਰਾਂ ਦੀ ਰਾਇ ਲਈ ਗਈ। ਕਿਊਪ ਦੀ ਓਨਟਾਰੀਓ ਸਕੂਲ ਬੋਰਡ ਕਾਊਂਸਲ ਆਫ ਯੂਨੀਅਨਜ਼ ਦੀ ਪ੍ਰਧਾਨ ਲੌਰਾ ਵਾਲਟਨ ਨੇ ਆਖਿਆ ਕਿ ਦੋ ਹਫਤਿਆਂ ਵਿੱਚ ਜਦੋਂ ਵੋਟਿੰਗ ਖਤਮ ਹੋਵੇਗੀ ਤਾਂ ਉਨ੍ਹਾਂ ਨੂੰ ਆਸ ਹੈ ਕਿ ਵਰਕਰਜ਼ ਹੜਤਾਲ ਉੱਤੇ ਹੀ ਜਾਣਗੇ। ਉਨ੍ਹਾਂ ਆਖਿਆ ਕਿ ਸਾਨੂੰ ਹੁਣੇ ਇਹ ਮਹਿਸੂਸ ਹੋ ਰਿਹਾ ਹੈ ਕਿ ਸਰਕਾਰ ਹਾਲ ਦੀ ਘੜੀ ਕੰਮ ਕਰਨ ਲਈ ਤਿਆਰ ਨਹੀਂ ਹੈ। ਜੇ ਇਸ ਪਾਸੇ ਅਸੀਂ ਅਗਾਂਹ ਵੱਧਦੇ ਹਾਂ ਤਾਂ ਸਾਡਾ ਮੰਨਣਾ ਹੈ ਕਿ ਅਸੀਂ ਰਲ ਕੇ ਚੱਲੀਏ।

ਯੂਨੀਅਨ ਨੇ ਇਹ ਸੰਕੇਤ ਵੀ ਦਿੱਤਾ ਹੈ ਕਿ ਜੇ ਗੱਲਬਾਤ ਉਸਾਰੂ ਨਹੀਂ ਰਹਿੰਦੀ ਤਾਂ ਉਹ ਕਈ ਤਰ੍ਹਾਂ ਦੀ ਕਾਰਵਾਈ ਕਰਨ ਲਈ ਤਿਆਰ ਹਨ। ਕਿਊਪ ਪਹਿਲਾਂ ਵੀ ਇਹ ਆਖ ਚੁੱਕੀ ਹੈ ਕਿ ਇਸ ਗੱਲਬਾਤ ਲਈ ਉਨ੍ਹਾਂ ਦੀ ਤਰਜੀਹ ਵੇਜਿਜ਼, ਬੈਨੇਫਿਟਜ਼, ਜੌਬ ਸਕਿਊਰਿਟੀ ਤੇ ਸਿੱਕ ਲੀਵ ਆਦਿ ਹਨ। ਇਸ ਸਮੇਂ ਸਰਕਾਰ ਵੀ ਕਈ ਟੀਚਰਜ਼ ਯੂਨੀਅਨਜ਼ ਜਿਨ੍ਹਾਂ ਵਿੱਚ ਓਨਟਾਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ ਤੇ ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਆਫ ਓਨਟਾਰੀਓ ਸ਼ਾਮਲ ਹਨ, ਨਾਲ ਗੱਲਬਾਤ ਕਰਨ ਵਿੱਚ ਲੱਗੀ ਹੋਈ ਹੈ। ਇਸ ਦੌਰਾਨ ਐਨਡੀਪੀ ਤੇ ਲਿਬਰਲਾਂ ਵੱਲੋਂ ਸਰਕਾਰ ਉੱਤੇ ਕਿਸੇ ਤਰ੍ਹਾਂ ਦਾ ਵਿਚਲਾ ਰਾਹ ਕੱਢਣ ਲਈ ਵੀ ਦਬਾਅ ਪਾਇਆ ਜਾ ਰਿਹਾ ਹੈ।

# ਨਿਰਦੇਸ਼ਾਂ ਦੀ ਉਲੰਘਣਾ ਕਰਨ ਵਾਲਾ ਪਾਇਲਟ ਸਸਪੈਂਡ

ਨਵੀਂ ਦਿੱਲੀ, 3 ਸਤੰਬਰ (ਪੋਸਟ ਬਿਊਰੋ)- ਏਅਰ ਟਰੈਫਿਕ ਕੰਟਰੋਲ (ਏ ਟੀ ਸੀ) ਦੇ ਨਿਰਦੇਸ਼ਾਂ ਨੂੰ ਸਹੀ ਤਰ੍ਹਾਂ ਨਾਲ ਨਾ ਸੁਣਨ ਕਾਰਨ ਹਵਾਬਾਜ਼ੀ ਰੈਗੂਲੇਟਰੀ ਅਥਾਰਟੀ (ਡੀ ਜੀ ਸੀ ਏ) ਨੇ ਸਪਾਈਸਜੈੱਟ ਦੇ ਇੱਕ ਪਾਇਲਟ ਨੂੰ ਤਿੰਨ ਮਹੀਨੇ ਲਈ ਸਾਰੀਆਂ ਸੇਵਾਵਾਂ ਤੋਂ ਸਸਪੈਂਡ ਮੁਅੱਤਲ ਕਰ ਦਿੱਤਾ ਹੈ।

ਪਤਾ ਲੱਗਾ ਹੈ ਕਿ ਫਸਟ ਆਫੀਸਰ ਪਾਇਲਟ ਨੇ ਆਪਣੇ ਪਾਇਲਟ ਇਨ ਕਮਾਂਡ (ਪੀ ਆਈ ਸੀ) ਨੂੰ ਈ ਟੀ ਸੀ ਦੇ ਨਿਰਦੇਸ਼ਾਂ ਨੂੰ ਸਹੀ ਤਰ੍ਹਾਂ ਨਾਲ ਏ ਟੀ ਸੀ ਦੇ ਨਿਰਦੇਸ਼ਾਂ ਨੂੰ ਸਹੀ ਤਰ੍ਹਾਂ ਨਾਲ ਨਹੀਂ ਦੱਸਿਆ ਅਤੇ ਇਸ ਕਾਰਨ ਮੁੰਬਈ ਹਵਾਈ ਅੱਡੇ ਉੱਤੇ ਇੱਕੋ ਰਨਵੇ 'ਤੇ ਦੋ ਜਹਾਜ਼ਾਂ ਦੇ ਉਤਰਨ ਦੀ ਸਥਿਤੀ ਪੈਦਾ ਹੋ ਗਈ।ਅਸਲ ਵਿੱਚ ਪੰਜ ਜੁਲਾਈ ਨੂੰ ਸੂਰਤ-ਮੁੰਬਈ ਫਲਾਈਟ ਵਿੱਚ ਫਸਟ ਆਫੀਸਰ ਪਾਇਲਟ ਅਤੁਲ ਯਾਦਵ ਨੇ ਆਪਣੇ ਪੀ ਆਈ ਸੀ ਨੂੰ ਇਹ ਜਾਣਕਾਰੀ ਦਿੱਤੀ ਸੀ ਕਿ ਉਸ ਨੂੰ ਏ ਟੀ ਸੀ ਤੋਂ ਰਨਵੇ 14 ਲਈ ਕਲੀਅਰੈਂਸ ਨਿਰਦੇਸ਼ ਮਿਲੇ ਹਨ। ਸੱਚਾਈ ਇਹ ਸੀ ਕਿ ਰਨਵੇ 14 ਲਈ ਕਲੀਅਰੈਂਸ ਨਿਰਦੇਸ਼ ਇੰਡੀਗੋ ਦੇ ਜਹਾਜ਼ ਲਈ ਦਿੱਤਾ ਗਿਆ ਸੀ, ਜਿਹੜਾ ਇਸ ਜਹਾਜ਼ ਦੇ ਅੱਗੇ ਸੀ।ਜਾਂਚ ਦੌਰਾਨ ਜਦੋਂ ਡੀ ਜੀ ਸੀ ਏ ਨੇ ਯਾਦਵ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਤਾਂ ਜਵਾਬ ਵਿੱਚ ਉਸ ਨੇ ਆਪਣੀ ਗਲਤੀ ਮੰਨੀ ਅਤੇ ਕਿਹਾ ਕਿ ਏ ਟੀ ਸੀ ਦਾ ਸੰਦੇਸ਼ ਸਹੀ ਤਰ੍ਹਾਂ ਨਾ ਸੁਣਨ ਕਾਰਨ ਉਸ ਤੋਂ ਇਹ ਗਲਤੀ ਹੋਈ ਹੈ। ਇਸ ਗਲਤੀ ਲਈ ਉਸ ਨੂੰ ਤਿੰਨ ਮਹੀਨਿਆਂ ਲਈ ਸਸਪੈਂਡ ਕਰ ਦਿੱਤਾ ਗਿਆ ਹੈ। ਇਸ ਦੀ ਮਿਆਦ ਦੀ ਗਿਣਤੀ 10 ਜੁਲਾਈ 2019 ਤੋਂ ਗਿਣੀ ਜਾਵੇਗੀ। ਵਰਨਣ ਯੋਗ ਹੈ ਕਿ ਰਨਵੇ ਪਾਰ ਕਰਨ ਜਾਂ ਰਨਵੇ ਨਾਲ ਜੁੜੀਆਂ ਹੋਰਨਾਂ ਘਟਨਾਵਾਂ ਨੂੰ ਲੈ ਕੇ ਬੀਤੇ ਦਿਨੀਂ ਕਈ ਪਾਇਲਟਾਂ ਖਿਲਾਫ ਡੀ ਜਦੀ ਸੀ ਏ ਨੇ ਕਾਰਵਾਈ ਕੀਤੀ ਹੈ ਅਤੇ ਉਨ੍ਹਾਂ ਨੂੰ ਸਸਪੈਂਡ ਕੀਤਾ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79
Automatic & Manual Trucks
1:1 Training
Forklift Training
Reach Truck
Air Brake Classes Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋਂ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੂਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਕਾਲ ਕਰੋ:
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ 647-643-7593

ShearGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਮੁੱਦਾ ਪਾਣੀਆਂ ਦਾ: ਸੁਪਰੀਮ ਕੋਰਟ ਨੇ ਐੱਸ ਵਾਈ ਐੱਲ ਮਾਮਲੇ ਲਈ ਕੇਂਦਰ ਨੂੰ ਚਾਰ ਮਹੀਨੇ ਸਮਾਂ ਹੋਰ ਦਿੱਤਾ

ਚੰਡੀਗੜ੍ਹ, 3 ਸਤੰਬਰ, (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਵਿਚਾਲੇ ਟਕਰਾਅ ਦਾ ਮੁੱਦਾ ਬਣੇ ਹੋਏਸਤਲੁਜ ਯਮੁਨਾ ਲਿੰਕ (ਐੱਸ ਵਾਈ ਐੱਲ)ਨਹਿਰ ਵਾਲੇ ਕੇਸ ਵਿੱਚ ਅੱਜ ਸੁਪਰੀਮ ਕੋਰਟ ਨੇ ਚਾਰ ਮਹੀਨੇ ਦਾ ਹੋਰ ਸਮਾਂ ਦੇ ਦਿੱਤਾ ਹੈ ਤਾਂ ਕਿ ਸਹਿਮਤੀ ਨਾਲ ਇਸ ਮਸਲੇ ਦਾ ਕੋਈ ਹੱਲ ਕੱਢਿਆ ਜਾ ਸਕੇ।

ਵਰਨਣ ਯੋਗ ਹੈ ਕਿ ਅੱਜ ਮੰਗਲਵਾਰ ਨੂੰ ਇਸ ਕੇਸ ਬਾਰੇ ਸੁਪਰੀਮ ਕੋਰਟ ਵਿੱਚ ਪੇਸ਼ੀ ਸੀ, ਪਰ ਕੇਂਦਰ ਸਰਕਾਰ ਨੇ ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਅਦਾਲਤ ਨੂੰ ਕਹਿ ਦਿੱਤਾ ਕਿ ਦੋਵਾਂ ਗਵਾਂਢੀ ਰਾਜਾਂ ਵਿਚਾਲੇ ਆਪਸੀ ਸਹਿਮਤੀ ਲਈ ਗੱਲਬਾਤ ਦਾ ਦੌਰ ਜਾਰੀ ਹੈ ਤੇ ਦੋ ਬੈਠਕਾਂ ਹੋ ਚੁੱਕੀਆਂ ਹਨ ਤੇ ਹਾਲੇ ਕੁਝ ਹੋਰ ਲੱਗ ਸਕਦਾ ਹੈ, ਇਸ ਲਈ ਤਿੰਨ ਮਹੀਨੇ ਦਾ ਸਮਾਂ ਹੋਰ ਦਿੱਤਾ ਜਾਵੇ। ਇਸ ਦੇ ਬਾਅਦ ਸੁਪਰੀਮ ਕੋਰਟ ਨੇ ਚਾਰ ਮਹੀਨੇ ਦਾ ਸਮਾਂ ਦੇ ਦਿੱਤਾ ਹੈ।

ਸਤਲੁਜ ਯਮੁਨਾ ਲਿੰਕ ਨਹਿਰ ਦੇ ਕੇਸ ਵਿੱਚ ਪੰਜਾਬ ਅਤੇ ਹਰਿਆਣਾ ਦੋਵੇਂ ਰਾਜ ਆਪੋ-ਆਪਣੇ ਸਟੈਂਡ ਉੱਤੇ ਅੜੇ ਰਹਿਣ ਕਾਰਨ ਪਿਛਲੀ ਸੁਣਵਾਈਵੇਲੇਸੁਪਰੀਮ ਕੋਰਟਨੇ ਕਿਹਾ ਸੀ ਕਿ ਦੋਵੇਂ ਧਿਰਾਂ ਨੂੰ ਆਪੋ ਵਿੱਚ ਮਸਲਾ ਹੱਲ ਕਰਨਾ ਚਾਹੀਦਾ ਹੈ, ਨਹੀਂ ਤਾਂ ਅਦਾਲਤ ਆਪਣਾ ਫ਼ੈਸਲਾ ਦੇ ਦੇਵੇਗੀ। ਇਸ ਬਾਰੇ ਚੀਫ ਸੈਕਟਰੀ ਪੱਧਰ ਉੱਤੇ ਦੋ ਬੈਠਕਾਂ ਹੋਈਆਂ ਸਨ, ਪਰ ਸਹਿਮਤੀ ਨਹੀਂ ਸੀ ਬਣ ਸਕੀ। ਅੱਜ ਮੰਗਲਵਾਰ ਜਦੋਂ ਅਦਾਲਤਨੇ ਸੁਣਵਾਈ ਕਰਨੀ ਸੀ ਤਾਂ ਜਸਟਿਸ ਅਰੁਣ ਮਿਸ਼ਰਾ ਦੇ ਬੈਂਚ ਅੱਗੇ ਸੁਣਵਾਈ ਸ਼ੁਰੂ ਹੁੰਦੇ ਸਾਰ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਤਿੰਨ ਮਹੀਨੇ ਹੋਰ ਸਮਾਂ ਮੰਗ ਲਿਆ, ਜਿਸ ਨੂੰ ਅਦਾਲਤ ਨੇ ਤਿੰਨ ਦੀ ਬਜਾਏ ਚਾਰ ਮਹੀਨੇ ਕਰ ਦਿੱਤਾ। ਹਰਿਆਣਾ ਦੇ ਵਕੀਲ ਨੇ ਜ਼ੋਰ ਦਿੱਤਾ ਕਿ ਇਸ ਦੀ ਤਰੀਕ ਤੈਅ ਕੀਤੀ ਜਾਵੇ ਅਤੇ ਅਣਮਿੱਥੇ ਸਮੇਂ ਲਈ ਨਾ ਵਧਾਇਆ ਜਾਵੇ।

ਅਸਲ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇੱਕ ਦਿਨ ਪਹਿਲਾਂ ਪਾਣੀ ਦੇ ਮੁੱਦੇ ਬਾਰੇ ਕੇਂਦਰ ਦੇ ਜਲ ਵਸੀਲਿਆਂ ਬਾਰੇ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੂੰ ਮਿਲੇ ਅਤੇ ਉਨ੍ਹਾਂ ਨੂੰ ਕਿਹਾ ਸੀ ਕਿ ਪੰਜਾਬ ਕੋਲ ਦੇਣ ਲਈ



ਪਾਣੀ ਨਹੀਂ ਹੈ, ਜਿਸ ਆਧਾਰ ਉੱਤੇ ਇਹ ਪਾਣੀ ਵੰਡਿਆ ਸੀ, ਅੱਜ ਕੱਲ੍ਹ ਓਨਾ ਪਾਣੀ ਹੀ ਨਦੀਆਂ ਵਿੱਚ ਨਹੀਂ ਆ ਰਿਹਾ ਤੇ ਪੰਜਾਬ ਦਾ ਜ਼ਮੀਨ ਹੇਠਲਾ ਪਾਣੀ ਲਗਾਤਾਰ ਡਿੱਗ ਰਿਹਾ ਹੈ। ਪੰਜਾਬ ਸਰਕਾਰ ਪਹਿਲਾਂ ਕੇਂਦਰ ਸਰਕਾਰ ਤੋਂ ਪਾਣੀ ਦਾ ਨਵੇਂ ਸਿਰੇ ਤੋਂ ਅਨੁਮਾਨ ਲਾਉਣ ਲਈ ਨਵਾਂ ਟ੍ਰਿਬਿਊਨਲ ਗਠਿਤ ਕਰਨ ਦੀ ਮੰਗ ਵੀ ਕਰ ਚੁੱਕੀ ਹੈ।ਬੀਤੇ ਤਿੰਨ ਦਿਨਾਂ ਦੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਗਰਮੀ ਤੇ ਲਗਾਤਾਰ ਦਬਾਅ ਪਾਏ ਜਾਣ ਦਾ ਨਤੀਜਾ ਹੈ ਕਿ ਅੱਜ ਕੇਂਦਰ ਸਰਕਾਰ ਨੇ ਇਸ ਮਸਲੇ ਦੇ ਹੱਲ ਲਈ ਹੋਰ ਸਮਾਂ ਮੰਗ ਲਿਆ ਹੈ।

ਸਾਲ 1966 ਵਿੱਚ ਪੰਜਾਬ ਤੋਂਹਰਿਆਣਾ ਰਾਜ ਦੇ ਵੱਖ ਹੋਣ ਪਿੱਛੋਂ 1976 ਵਿੱਚ ਪਾਣੀ ਦੀ ਵੰਡ ਕਾਰਨ ਇਹ ਮਾਮਲਾ ਉਲਝ ਗਿਆ ਤੇ ਫਿਰ ਹਰਿਆਣੇ ਨੂੰ ਆਪਣੇ ਹਿੱਸੇ ਦਾ ਪਾਣੀ ਭਾਵੇਂ ਭਾਖੜਾ ਮੇਨ ਲਾਈਨ ਤੇ ਨਰਵਾਣਾ ਬ੍ਰਾਂਚ ਤੋਂ ਮਿਲ ਰਿਹਾ ਹੈ, ਉਸ ਦੇ ਹਿੱਸੇ ਲਈ ਗਿਣੇ ਗਏ ਹੋਰ ਪਾਣੀ ਵਾਸਤੇਐੱਸ ਵਾਈ ਐੱਲ ਨਹਿਰ ਬਣਾਏ ਜਾਣ ਬਾਰੇ ਵੱਡਾ ਵਿਵਾਦ ਚੱਲ ਰਿਹਾ ਹੈ। ਪੰਜਾਬ ਸਰਕਾਰ ਨੇ ਇਸ ਵੰਡ ਨੂੰ ਸੰਵਿਧਾਨ ਦੇ ਖ਼ਿਲਾਫ਼ ਦੱਸ ਕੇ ਰਾਇਪੇਰੀਅਨ ਸਿਧਾਂਤ ਦੇ ਲਈ ਜ਼ੋਰ ਦਿੱਤਾ ਹੈ, ਜਿਸ ਮੁਤਾਬਕ ਜਿਸ ਰਾਜ ਤੋਂ ਨਦੀਆਂ ਨਿਕਲਦੀਆਂ ਹੋਣ, ਪਾਣੀਆਂ ਉੱਤੇ ਹੱਕ ਉਸੇ ਦਾ ਹੁੰਦਾ ਹੈ, ਪਰ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪੰਜਾਬ ਉੱਤੇ ਦਬਾਅ ਬਣਾ ਕੇ ਪਾਣੀ ਦੀ ਵੰਡ ਕਰਵਾ ਦਿੱਤੀ ਅਤੇ ਐੱਸ ਵਾਈ ਐੱਲ ਨਹਿਰ ਦੀ ਉਸਾਰੀ ਲਈ 1982 ਵਿੱਚ ਪਹਿਲਾ ਟੱਪ ਲਾ ਦਿੱਤਾ ਸੀ। ਪੰਜਾਬਦੇ ਰੋਪੜ ਤੋਂ ਰਾਜਪੁਰਾ ਦੇ ਨੇੜੇ ਤਕ ਇਹ ਨਹਿਰ ਬਣਨ ਪਿੱਛੋਂ 1986 ਵਿੱਚ ਨਹਿਰ ਦੇ ਚੀਫ ਇੰਜੀਨੀਅਰ ਦੀ ਹੱਤਿਆ ਹੋ ਗਈ ਤਾਂ ਇਸ ਦਾ ਕੰਮ ਰੋਕ ਦਿੱਤਾ ਗਿਆ ਸੀ। ਇਸ ਪਿੱਛੋਂ ਹਰਿਆਣਾ ਸਰਕਾਰ ਨੇ ਸੁਪਰੀਮ ਕੋਰਟ ਦਾ ਦਰ ਖੜਕਾਇਆ ਤਾਂ ਓਥੋਂ ਫ਼ੈਸਲਾ ਪੰਜਾਬ ਦੇ ਖ਼ਿਲਾਫ਼ ਆਇਆ ਸੀ, ਜਿਸ ਪਿੱਛੋਂ ਸਾਲ 2004 ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਪੰਜਾਬ ਵਿਧਾਨ ਸਭਾ ਨੇ ਮਤਾ ਪਾਸ ਕਰ ਕੇ ਓਦੋਂ ਤੱਕ ਦੇਸਭ ਸਮਝੌਤੇ ਰੱਦ ਕਰਨ ਦਾ ਫੈਸਲਾ ਲੈ ਲਿਆ ਸੀ। ਫਿਰ ਇਹਕੇਸਕੇਂਦਰ ਸਰਕਾਰ ਰਾਹੀਂ ਰਾਸ਼ਟਰਪਤੀ ਕੋਲ ਪੁੱਜਾ ਤਾਂ ਉਨ੍ਹਾਂ ਨੇ ਇਸ ਉੱਤੇਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਤੋਂ ਸਲਾਹ ਮੰਗੀ ਸੀ ਅਤੇ 2016 ਵਿੱਚ ਸੁਪਰੀਮ ਕੋਰਟ ਨੇ ਪੰਜਾਬ ਦੇ ਇਸ ਫੈਸਲੇ ਨੂੰ ਗ਼ੈਰਸੰਵਿਧਾਨਕ ਮੰਨ ਕੇ ਰੱਦ ਕਰਨ ਦੀ ਸਲਾਹ ਦਿੱਤੀ ਸੀ।ਓਦੋਂ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇਐੱਸ ਵਾਈ ਐੱਲ ਲਈ ਅਕੁਆਇ-ਰ ਕੀਤੀ ਹੋਈ ਸਾਰੇ ਜ਼ਮੀਨ ਮੂਲ ਕਿਸਾਨਾਂ ਨੂੰ ਵਾਪਸ ਕਰ ਕੇ ਉਨ੍ਹਾਂ ਦੇ ਨਾਂਅ ਮਾਲਕੀ ਦੇ ਹੱਕ ਤਬਦੀਲ ਕਰ ਦਿੱਤੇ ਸਨ।

# ਫੈਡਰਲ ਚੋਣ ਕੈਂਪੇਨ ਲਈ ਐਨਡੀਪੀ ਨੇ ਦਿੱਤਾ ਨਾਅਰਾ - ਤੁਹਾਡੇ ਲਈ ਹੀ ਚੋਣਾਂ ਵਿੱਚ ਨਿੱਤਰੇ ਹਾਂ

ਕਿਊਬਿਕ, 3 ਸਤੰਬਰ (ਪੋਸਟ ਬਿਊਰੋ) : ਐਨਡੀਪੀ ਵੱਲੋਂ 2019 ਦੀਆਂ ਫੈਡਰਲ ਚੋਣ ਕੈਂਪੇਨ ਲਈ ਵੋਟਰਾਂ ਵਾਸਤੇ ਨਵਾਂ ਨਾਅਰਾ ਜਾਰੀ ਕੀਤਾ ਗਿਆ ਹੈ ਜੋ ਹੈ "ਤੁਹਾਡੇ ਲਈ ਹੀ ਚੋਣਾਂ ਵਿੱਚ ਹਾਂ।"

ਸਿਰਫ ਕਿਊਬਿਕ ਉੱਤੇ ਆਧਾਰਿਤ ਟੈਲੀਵਿਜ਼ਨ ਐਡ ਲਾਂਚ ਕਰਦੇ ਸਮੇਂ ਮੰਗਲਵਾਰ ਨੂੰ ਐਨਡੀਪੀ ਆਗੂ ਜਗਮੀਤ ਸਿੰਘ ਨੇ ਇਹ ਸੁਨੇਹਾ ਦਿੱਤਾ ਕਿ ਪਾਰਟੀ ਨੇ ਇਹ ਤੈਅ ਕੀਤਾ ਹੈ ਕਿ ਇਸ ਵਾਰੀ ਚੋਣਾਂ ਲਈ ਇਹੋ ਨਾਅਰਾ ਰਹੇਗਾ। ਇਸ ਸਬੰਧ ਵਿੱਚ ਜਾਰੀ ਕੀਤੀ ਗਈ ਪ੍ਰੈੱਸ ਰਲੀਜ਼ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਜਾਂ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਦਾ ਨਾਂ ਲਏ ਬਿਨਾਂ ਇਹ ਆਖਿਆ ਗਿਆ ਕਿ ਜਗਮੀਤ ਸਿੰਘ ਤੁਹਾਡੇ ਸਾਰਿਆਂ ਲਈ ਹੀ ਚੋਣਾਂ ਵਿੱਚ ਨਿੱਤਰੇ ਹਨ, ਉਹ ਤੁਹਾਡੇ ਸਾਰਿਆਂ ਵੱਲ ਹੀ ਹਨ ਤੇ ਤੁਹਾਡੇ ਸਾਰਿਆਂ ਦੇ ਹਿਤਾਂ ਨੂੰ ਹੀ ਪਹਿਲ ਦੇਣਗੇ। ਐਨਡੀਪੀ ਵੱਲੋਂ ਕੈਂਪੇਨ ਦੀ ਸ਼ੁਰੂਆਤ ਤੋਂ ਪਹਿਲਾਂ ਤੁਹ-ਾਡੇ ਵੱਲ ਤੇ ਲੋਕਾਂ ਲਈ ਨਵੀਂ ਡੀਲ ਦਾ ਨਾਅਰਾ ਦੁਹਰਾਇਆ ਜਾਂਦਾ ਰਿਹਾ ਹੈ। ਪਾਰਟੀ ਨੇ ਇਹ ਵੀ ਸਪਸ਼ਟ ਕੀਤਾ "ਤੁਹਾਡੇ ਲਈ ਹੀ ਇਸ ਵਿੱਚ ਹਾਂ"




ਨਾਅਰੇ ਦੇ ਨਾਲ ਪਹਿਲਾਂ ਵਾਲੇ ਇਹ ਨਾਅਰੇ ਵੀ ਦੁਹਰਾਏ ਜਾਣਗੇ।

ਨਵੇਂ ਇਸ਼ਤਿਹਾਰ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ ਉਨ੍ਹਾਂ ਦੀ ਪਾਰਟੀ ਔਸਤਨ ਕੈਨੇਡੀਅਨਾਂ ਦੀ ਮਦਦ ਕਰੇਗੀ ਤੇ ਉਨ੍ਹਾਂ ਲਈ ਹੈਲਥ ਕੇਅਰ ਦਾ ਪਸਾਰ ਕਰੇਗੀ, ਹਾਊਸਿੰਗ ਤੇ ਪੋਸਟ ਸੈਕੰਡਰੀ ਐਜੂਕੇਸ਼ਨ ਨੂੰ ਵਧੇਰੇ ਕਿਫਾਇਤੀ ਬਣਾਇਆ ਜਾਵੇਗਾ। ਇਸ ਦੇ ਨਾਲ ਹੀ ਵੱਡੀ ਪੱਧਰ ਉੱਤੇ ਪ੍ਰਦੂਸ਼ਣ ਫੈਲਾਉਣ ਵਾਲਿਆਂ ਤੇ ਕਾਰਪੋਰੇਟ ਟੈਕਸ ਨਾਲ ਘਪਲਾ ਕਰਨ ਵਾਲਿਆਂ ਦਾ ਵੀ ਮੱਕੂ ਬੰਨ੍ਹਿਆ ਜਾਵੇਗਾ।

30 ਸੈਕਿੰਡ ਦੇ ਇਸ ਇਸ਼ਤਿਹਾਰ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ ਲੋਕਾਂ ਦਾ ਕਹਿਣਾ ਹੈ ਕਿ ਉਹ ਹੋਰਨਾਂ ਆਗੂਆਂ ਤੋਂ ਵੱਖਰੇ ਹਨ ਤੇ ਅਜਿਹਾ ਸੱਚ ਵੀ ਹੈ। ਉਨ੍ਹਾਂ ਆਖਿਆ ਕਿ ਉਹ ਅਮੀਰਾਂ ਤੇ ਉੱਚਾ ਰਸੂਖ ਰੱਖਣ ਵਾਲਿਆਂ ਲਈ ਕੰਮ ਨਹੀਂ ਕਰਦੇ। ਉਨ੍ਹਾਂ ਅੱਗੇ ਆਖਿਆ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਸਰਕਾਰਾਂ ਅਮੀਰਾਂ ਦੇ ਫਾਇਦਿਆਂ ਲਈ ਚਲਾਈਆਂ ਜਾਣੀਆਂ ਚਾਹੀਦੀਆਂ ਹਨ, ਜਿਵੇਂ ਕਿ ਕਈ ਦਹਾਕਿਆਂ ਤੋਂ ਹੁੰਦਾ ਆਇਆ ਹੈ। ਉਨ੍ਹਾਂ ਆਖਿਆ ਕਿ ਸਾਡਾ ਮੰਨਣਾ ਹੈ ਕਿ ਸਰਕਾਰ ਨੂੰ ਸਾਡੇ ਸਾਰਿਆਂ ਲਈ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਸਾਡੀ ਕਰਨੀ ਤੇ ਕਥਨੀ ਇੱਕੋ ਹੋਣੇ ਚਾਹੀਦੇ ਹਨ।

ਸੱਤਾਧਾਰੀ ਲਿਬਰਲਾਂ ਵੱਲੋਂ ਇਸ ਵਾਰੀ ਕੈਂਪੇਨ ਥੀਮ "ਅਗਾਂਹਵਧੂ ਸੋਚ ਅਪਨਾਓ" ਦਿੱਤਾ ਗਿਆ ਹੈ ਤੇ ਕੰਜ਼ਰਵੇਟਿਵ ਕੈਂਪੇਨ ਦਾ ਨਾਅਰਾ "ਤੁਹ-ਾਡੇ ਲਈ ਅਗਾਂਹ ਵਧਣ ਦਾ ਸਮਾਂ ਆ ਗਿਆ ਹੈ" ਲੈ ਕੇ ਚੱਲ ਰਹੇ ਹਨ।

# ਭਾਰਤ ਦੀ ਹਵਾਈ ਫੌਜ ਦੀ ਤਾਕਤ ਹੋਰ ਵਧੀ, 8 ਅਪਾਚੇ ਜੰਗੀ ਹੈਲੀਕਾਪਟਰ ਸ਼ਾਮਲ ਕੀਤੇ

ਪਠਾਨਕੋਟ, 3 ਸਤੰਬਰ, (ਪੋਸਟ ਬਿਊਰੋ)- ਅੱਜ ਮੰਗਲਵਾਰ ਦਾ ਦਿਨ ਭਾਰਤ ਦੀ ਹਵਾਈ ਫੌਜ ਲਈ ਮਾਣ ਵਾਲਾ ਦਿਨ ਬਣ ਗਿਆ, ਜਦੋਂ ਇਸ ਦੀ ਤਾਕਤ ਵਧਾਉਣ ਲਈ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਹੈਲੀਕਾਪਟਰ ਅਪਾਚੇ ਇਸ ਫੋਰਸ ਦੇ ਬੇੜੇ ਵਿੱਚ ਸ਼ਾਮਲ ਕੀਤੇ ਗਏ।ਇਸ ਮੌਕੇ ਹਵਾਈ ਸੈਨਾ ਮੁਖੀ



ਏਅਰ ਚੀਫ ਮਾਰਸ਼ਲ ਬੀ ਐੱਸ ਧਨੋਆ ਦੀ ਮੌਜੂਦਗੀ ਵਿੱਚ ਭਾਰਤੀ ਹਵਾਈ ਸੈਨਾ ਵੱਲੋਂ ਇੱਕ ਖਾਸ ਸਮਾਗਮ ਵੀ ਕੀਤਾ ਗਿਆ।

ਪਾਕਿਸਤਾਨ ਬਾਰਡਰ ਤੋਂ ਮਸਾਂ 25 ਕਿਲੋਮੀਟਰ ਦੂਰ ਪੰਜਾਬ ਦੇ ਪਠਾਨਕੋਟ ਏਅਰਬੇਸ ਉੱਤੇਅੱਜ ਇਹ ਸੰਸਾਰ ਦੇ ਬਹੁਤ ਤਾਕਤਵਰ ਗਿਣੇ ਜਾਂਦੇ ਹੈਲੀਕਾਪਟਰ ਭਾਰਤੀ ਹਵਾਈ ਫੌਜ ਵਿੱਚ ਸ਼ਾਮਲ ਕੀਤੇ ਗਏ। ਇਹ ਉਹੀ ਪਠਾਨਕੋਟ ਏਅਰਬੇਸ ਹੈ, ਜਿਥੇ ਸਾਲ 2016 ਵਿੱਚ ਪਾਕਿਸਤਾਨ ਤੋਂ ਆਏ ਅੱਤਵਾਦੀਆਂ ਨੇ ਹਮਲਾ ਕੀਤਾ ਸੀ।

ਸੰਸਾਰ ਦੇ ਸਭ ਤੋਂ ਆਧੁਨਿਕ ਲੜਾਕੂ ਹੈਲੀਕਾਪਟਰਾਂ ਵਿੱਚੋਂ ਇਕ ਗਿਣਿਆ ਜਾਣ ਵਾਲਾ ਅਪਾਚੇ ਏ-ਐੱਚ 64 ਈ ਹੈਲੀਕਾਪਟਰ 60 ਫੁੱਟ ਉੱਚਾ ਅਤੇ 50 ਫੁੱਟ ਚੌੜਾ ਹੈ, ਜਿਸ ਨੂੰ ਉਡਾਉਣ ਦੋ ਪਾਇਲਟ ਉਡਾਉਂਦੇ ਹਨ,ਇਸ ਦੇ ਵੱਡੇ ਵਿੰਗ ਨੂੰ ਚਲਾਉਣ ਲਈ ਦੋ ਇੰਜਨ ਹੋਣ ਕਾਰਨ ਇਸ ਦੀ ਰਫਤਾਰ ਬਹੁਤ ਜ਼ਿਆਦਾ ਹੈ ਤੇ ਇਸ 2-ਸੀਟਰ ਹੈਲੀਕਪਾਟਰ ਵਿੱਚ ਹੈਲੀਫਾਇਰ ਤੇ ਸਟ੍ਰਿੰਗਰ ਮਿਸਾਈਲਾਂ ਫਿੱਟ ਹਨ। ਇਸ ਵਿੱਚ ਇਕ ਸੈਂਸਰ ਵੀ ਹੈ, ਜਿਸ ਨਾਲ ਰਾਤਨੂੰ ਆਪਰੇਸ਼ਨ ਲਈ ਵਰਤਿਆ ਜਾ ਸਕਦਾ ਹੈ। ਇਸ ਹੈਲੀਕਾਪਟਰ ਦੀ ਸਪੀਡ 280 ਕਿਲੋਮੀਟਰ ਘੰਟਾ ਹੈ। ਅਪਾਚੇ ਦਾ ਡਿਜ਼ਾਇਨ ਇਹੋ ਜਿਹਾ ਹੈ ਕਿ ਇਸ ਨੂੰ ਰਡਾਰ ਉੱਤੇ ਕਾਬੂ ਕਰਨਾ ਔਖਾਹੁੰਦਾ ਹੈ। ਹਥਿਆਰਾਂ ਨਾਲ ਲੈਸ ਅਤੇ ਤੇਜ਼ ਰਫਤਾਰ ਵਾਲਾ ਅਪਾਚੇ ਹੈਲੀਕਾਪਟਰ ਜ਼ਮੀਨ ਤੋਂ ਹੋਣ ਵਾਲੇ ਹਮਲਿਆਂ ਦਾ ਜਵਾਬ ਦੇ ਸਕਦਾ ਹੈ। ਇਸ ਦੀ ਮਸ਼ੀਨਗੰਨ ਵਿੱਚ ਇਕ ਵਾਰਕਰੀਬ 1200 ਰਾਊਂਡ ਭਰੇ ਜਾ ਸਕਦੇ ਹਨ ਤੇ ਇਸ ਦੀ ਇਕ ਮਿਸਾਈਲ ਇਕ ਟੈਂਕ ਨੂੰ ਤਬਾਹ ਕਰਨ ਲਈ ਕਾਫੀ ਹੈ।

ਵਰਨਣ ਯੋਗ ਹੈ ਕਿ ਹਵਾਈ ਫੌਜ ਨੇ 22 ਅਪਾਚੇ ਹੈਲੀਕਾਪਟਰਾਂ ਦੇ ਲਈ ਸਤੰਬਰ 2015 ਵਿੱਚ ਅਮਰੀਕਾਦੀ ਬੋਇੰਗ ਲਿਮਟਿਡ ਨਾਲ ਸਮਝੌਤਾ ਕੀਤਾ ਸੀ। ਬੋਇੰਗ ਨੇ 22 ਹੈਲੀਕਾਪਟਰਾਂ ਵਿੱਚੋਂ ਚਾਰ ਹੈਲੀਕਾਪਟਰਜ਼27 ਜੁਲਾਈ ਨੂੰ ਦੇ ਦਿੱਤੇ ਸਨ ਤੇ ਅੱਜ 8 ਅਪਾਚੇ ਹੈਲੀਕਾਪਟਰ ਇੰਡੀਅਨ ਏਅਰਫੋਰਸ ਵਿੱਚ ਹੋਰ ਮਿਲਾਏ ਗਏ ਹਨ।

## ਸਿੱਖਿਆ ਸ਼ਾਸਤਰੀ ਅਤੇ ਪੰਜਾਬੀ ਸਾਹਿਤ ਦਾ ਵਿਲੱਖਣ ਹੀਰਾ ਡਾਕਟਰ ਕੁਲਬੀਰ ਸਿੰਘ ਨਹੀ ਰਹੇ



ਪੰਜਾਬੀ ਸਾਹਿਤ ਦੀ ਝੋਲੀ ਵਿੱਚ ਅਣਗਿਣਤ ਪੁਸਤਕਾਂ ਪਾਉਣ ਵਾਲੇ ਸਿੱਖਿਆ ਸ਼ਾਸਤਰੀ ਡਾਕਟਰ ਕੁਲਬੀਰ ਸਿੰਘ ਸਿੱਧੂ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਡਾਕਟਰ ਕੁਲਵੀਰ ਸਿੰਘ ਸਿੱਧੂ ਨੇ ਵਿੱਦਿਅਕ ਖੇਤਰ ਵਿੱਚ ਭਰਪੂਰ ਮੱਲਾਂ ਮਾਰੀਆਂ ।ਪੰਜਾਬੀ ਸਾਹਿਤ ਦੀ ਝੋਲੀ ਵਿੱਚ ਅਣਗਿਣਤ ਕਿਤਾਬਾਂ ਪਾ ਕੇ ਆਪਣਾ ਵਡਮੁੱਲਾ ਯੋਗਦਾਨ ਪਾਉਣ ਵਾਲੀ ਇਸ ਸ਼ਖਸੀਅਤ ਨੇ ਸਾਲ 1953 ਪੰਜਾਬ ਵਿੱਚ ਐੱਮ. ਏ ਗਣਿਤ ਡੀ.ਏ.ਵੀ ਕਾਲਜ ਚੰਡੀਗੜ੍ਹ, ਐਮ.ਐਡ ਸਟੇਟ ਕਾਲਜ ਆਫ ਪਟਿਆਲਾ ਤੋਂ ਗੋਲਡ ਮੈਡਲਿਸਟ ਨਾਲ ਕੀਤੀਅਤੇਚੰਡੀਗੜ੍ਹ ਤੋਂ ਮਨੋਵਿਗਿਆਨ ਵਿਸ਼ੇ ਤੇ ਪੀਐੱਚ ਡੀ ਵੀ ਹਾਸਲ ਕੀਤੀ । ਪੰਜਾਬੀ ਪੁਸਤਕ ਵਿੱਚ ਉਨ੍ਹਾਂ ਦਾ ਨਾਵਲ "ਵਿਦਿਆਰਥੀ " 1950 ਵਿੱਚ ਛਪਿਆ ਕਹਾਣੀ ਸੰਗ੍ਰਹਿ ਵਿੱਚ "ਤੇਰੀ ਮੇਰੀ ਕਹਾਣੀ "ਕਹਾਣੀਆਂ ਦਾ ਹਾਰ "ਹਾਣੀਆਂ ਦਾ ਰੂਪ " ਸਿਤਾਰੇ" ਰਸਮਾਂ" ਨਜ਼ਰਾਨਾ" ਜੱਗ ਬੀਤਿਆ "ਫੁੱਲਵਾੜੀਆਂ" ਦਾਸਤਾਨ "ਘਟਨਾਵਾਂ" ਜ਼ਿੰਦਗਾਨੀਆਂ "ਚੰਗਿਆਈਆਂ" ਸੰਭਾਵਨਾਵਾਂ ਯਾਦਗਾਰਾਂ ਕਾਵਿ ਸੰਗ੍ਰਹਿ ਪੰਖੜੀਆਂ ਬਾਲ ਸਾਹਿਤ 'ਚ ਮਨੁੱਖ ਦੀ ਉਡਾਨ "ਚਾਰ ਸੈਨਿਕਾਂ ਦੀ ਇਕਾਂਗੀ ਸੰਗ੍ਰਹਿ ਵਿੱਚ ਮੰਚ ਕਲਾਕਾਰ ਅਤੇ ਜੀਵਨੀ ਸਾਹਿਤ ਵਿੱਚ ਮਹਾਨ ਸਿੱਖਾਂ ਦੀਆਂ ਜੀਵਨੀਆਂ ਅਤੇ ਸਰਦਾਰ ਪੁਸਤਕ ਸ਼ਾਮਲ ਹਨ। ਪੁਸਤਕ ਗੁਰੂ ਨਾਨਕ ਗਾਰਡ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੇਖਾ ਚਿੱਤਰ ਵੀ ਲਿਖਿਆ। ਸਿੱਖਿਆ ਦੇ ਖੇਤਰ, ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸਾਹਿਤ ਲਈ ਵਡਮੁੱਲਾ ਯੋਗਦਾਨ ਪਾਉਣ ਵਾਲੇ ਅਡਾਕਟਰ ਕੁਲਬੀਰ ਸਿੰਘ ਸਿੱਧੂ ਕਰੀਬ 89 ਸਾਲ ਦੀ ਉਮਰ ਭੋਗਦੇ ਹੋਏ ਸਾਨੂੰ ਸਾਰਿਆਂ ਨੂੰ ਅਲਵਿਦਾ ਕਹਿ ਗਏ । ਪਰਮਾਤਮਾ ਅੱਗੇ ਅਰਦਾਸ ਹੈ ਕਿਡਾਕਟਰ ਕੁਲਵੀਰ ਸਿੰਘ ਸਿੱਧੂਜੀਨੂੰ ਆਪਣੇ ਚਰਨਾ ਵਿੱਚ ਨਿਵਾਸ ਦੇਣ ਅਤੇ ਉਨ੍ਹਾਂ ਦੇ ਪਰਿਵਾਰ,ਸਕੇ ਸਬੰਧੀਆਂ,ਅਤੇਸਨੇਹੀਆਂ ਨੂੰ ਇਸ ਦੁੱਖ ਦੀ ਘੜੀ ਵਿੱਚ ਭਾਣਾ ਮਨਣ ਦਾ ਬਲਬ ਖਸ਼ਣ।

# ਈਰਾਨ ਨੇ ਅਮਰੀਕਾ ਨਾਲ ਸਿੱਧੀ ਗੱਲਬਾਤ ਤੋਂ ਸਿਰ ਫੇਰਿਆ

ਤਹਿਰਾਨ, 3 ਸਤੰਬਰ, (ਪੋਸਟ ਬਿਊਰੋ)- ਈਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਨੇ ਅੱਜ ਕਹਿ ਦਿੱਤਾ ਹੈ ਕਿ ਉਨ੍ਹਾਂ ਦਾ ਦੇਸ਼ ਅਮਰੀਕਾ ਨਾਲ ਕਿਸੇ ਤਰ੍ਹਾਂ ਦੀ ਸਿੱਧੀ ਗੱਲਬਾਤ ਨਹੀਂ ਕਰੇਗਾ।

ਅੱਜ ਮੰਗਲਵਾਰ ਨੂੰ ਆਪਣੇ ਦੇਸ਼ ਦੀ ਪਾਰਲੀਮੈਂਟ ਸਾਹਮਣੇ ਰਾਸ਼ਟਰਪਤੀ ਹਸਨ ਰੂਹਾਨੀ ਨੇਕਿਹਾ, ਅਮਰੀਕਾ ਦੇ ਨਾਲਅਸੀਂ ਕਿਸੇ ਸੂਰਤ ਵਿੱਚ ਦੁਵੱਲੀ ਗੱਲਬਾਤ ਨਹੀਂ ਕਰਨੀ, ਭਵਿੱਖ ਵਿੱਚ ਜੇ ਕੋਈ ਗੱਲਬਾਤ ਹੋਈ ਤਾਂ ਸਾਲ 2015 ਵਿੱਚ ਈਰਾਨ ਨਾਲ ਐਟਮੀ ਸਮਝੌਤੇ ਵਿੱਚ ਸ਼ਾਮਲ ਕੌਮਾਂਤਰੀ ਤਾਕਤਾਂ ਵੱਲੋਂ ਤੈਅ ਕੀਤੀ ਰੂਪਰੇਖਾ ਦੇਮੁਤਾਬਕ ਹੋਵੇਗੀ।ਰੂਹਾਨੀ ਨੇ ਸਿੱਧੀ ਧਮਕੀ ਵੀ ਦਿੱਤੀ ਕਿ ਐਟਮੀ ਸਮਝੌਤੇਵਾਲੇ ਦੇਸ਼ਾਂ ਦੇ ਯਤਨਾਂ ਨਾਲ ਜੇ ਇਸ ਵੀਰਵਾਰ ਤਕ ਈਰਾਨ ਨੂੰ ਪਾਬੰਦੀਆਂ ਤੋਂ ਛੋਟ ਨਾ ਮਿਲੀ ਤਾਂ ਉਹ ਆਪਣੀ ਐਟਮੀ ਸਮਰੱਥਾ ਵਧਾਉਣੀ ਸ਼ੁਰੂ ਕਰ ਦੇਣਗੇ। ਉਨ੍ਹਾਂ ਕਿਹਾ ਕਿ ਈਰਾਨ ਨੂੰ ਆਰਥਿਕ ਪਾਬੰਦੀਆਂ ਤੋਂ ਛੋਟ ਨਾ ਮਿਲੀ ਤਾਂ ਉਹ ਐਟਮੀ ਸਮਝੌਤੇ ਦੀਆਂ ਵਚਨਬੱਧਤਾਵਾਂ ਵਿੱਚਕਟੌਤੀ ਕਰ ਦੇਵੇਗਾ।

ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਫਰਾਂਸ ਵਿੱਚ ਜੀ-7 ਦੀ ਬੈਠਕ ਦੌਰਾਨ ਫਰਾਂਸਿਸੀ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਆਸਪ੍ਰਗਟ ਕੀਤੀ ਸੀ ਕਿ ਤਣਾਅ ਖ਼ਤਮ ਕਰਨ ਲਈ ਉਹ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਈਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਵਿਚਾਲੇ ਗੱਲਬਾਤ ਕਰਾਉਣਗੇ। ਬੀਤੇ ਸਾਲ ਐਟਮੀ ਸਮਝੌਤੇ ਤੋਂ ਨਿਕਲਣ ਪਿੱਛੋਂ ਅਮਰੀਕਾ ਨੇ ਈਰਾਨ ਉੱਤੇ ਫਿਰ ਆਰਥਿਕ ਪਾਬੰਦੀਆਂ ਲਾ ਦਿੱਤੀਆਂ ਸਨ। ਇਸ ਤੋਂ ਬਾਅਦ ਤੋਂ ਅਮਰੀਕਾ ਅਤੇ ਈਰਾਨ ਦਾ ਤਣਾਅ ਵਧ ਗਿਆ ਹੈ।ਸਾਲ 2015ਦੇ ਸਮਝੌਤੇ ਤਹਿਤ ਈਰਾਨ ਨੇ ਸੋਧੇ ਹੋਏ ਯੂਰੇਨੀਅਮ ਦੇ ਆਪਣੇ ਭੰਡਾਰ ਵਿੱਚ ਕਟੌਤੀ ਕਰਨੀ ਸੀ ਅਤੇ ਬਦਲੇ ਵਿੱਚ ਉਸ ਨੂੰ ਆਰਥਿਕ ਪਾਬੰਦੀਆਂ ਤੋਂ ਛੋਟ ਮਿਲਣੀ ਸੀ। ਈਰਾਨ ਨਾਲ ਇਸ ਸਮਝੌਤੇ ਵਿੱਚ ਅਮਰੀਕਾ ਦੇ ਨਾਲ ਫਰਾਂਸ, ਬ੍ਰਿਟੇਨ, ਰੂਸ, ਚੀਨ ਤੇ ਜਰਮਨੀ ਵੀ ਸ਼ਾਮਲ ਸਨ।

## ਕਸ਼ਮੀਰੀ ਪੱਤਰਕਾਰ ਨੂੰ ਜਰਮਨੀ ਦੀ ਉਡਾਣ ਭਰਨ ਤੋਂ ਰੋਕਿਆ

ਨਵੀਂ ਦਿੱਲੀ, 3 ਸਤੰਬਰ (ਪੋਸਟ ਬਿਊਰੋ)- ਕਸ਼ਮੀਰੀ ਪੱਤਰਕਾਰ ਅਤੇ ਲੇਖਕ ਗੋਹਾਰ ਗਿਲਾਨੀ ਨੂੰ ਸ਼ਨੀਵਾਰ ਜਰਮਨੀ ਲਈ ਉਡਾਣ ਭਰਨ ਤੋਂ ਰੋਕ ਦਿੱਤਾ ਗਿਆ, ਜਿੱਥੇ ਉਹ ਇੱਕ ਜਰਮਨ ਪਬਲਿਕ ਬ੍ਰਾਡਕਾਸਟਰ ਵੱਲੋਂ ਆਯੋਜਤ ਕੀਤੀ ਜਾ ਰਹੀ ਕਾਨਫਰੰਸ ਵਿੱਚ ਭਾਗ ਲੈਣ ਜਾ ਰਹੇ ਸਨ।

ਇਸ ਤੋਂ ਪਹਿਲਾਂ ਪਿਛਲੇ ਮਹੀਨੇ ਕਸ਼ਮੀਰੀ ਆਈ ਏ ਐਸ ਅਧਿਕਾਰੀ ਅਤੇ ਸਿਆਸਤਦਾਨ ਸ਼ਾਹ ਫੈਜ਼ਲ ਨੂੰ ਨਵੀਂ ਦਿੱਲੀ ਦੇ ਆਈ ਜੀ ਆਈ ਏਅਰਪੋਰਟ 'ਤੇ ਉਸ ਵੇਲੇ ਰੋਕਿਆ ਗਿਆ ਸੀ, ਜਦੋਂ ਉਹ ਬੋਸਟ (ਅਮਰੀਕਾ) ਜਾ ਰਹੇ ਸਨ। ਪੱਤਰਕਾਰ ਅਤੇ ਲੇਖਕ ਗੋਹਾਰ ਗਿਲਾਨੀ, ਜੋ ਜਰਮਨੀ ਦੇ ਡਿਊਸ਼ ਵੈਲੇ ਨਾਲ ਕੰਮ ਕਰਦੇ ਸਨ, ਨੇ ਦੱਸਿਆ ਕਿ ਉਨ੍ਹਾਂ ਨੇ ਮੀਡੀਆ ਸੰਗਠਨ ਨਾਲ ਸੰਪਾਦਕ ਵਜੋਂ ਪਿੱਛੇ ਜਿਹੇ ਕੰਮ ਸ਼ੁਰੂ ਕੀਤਾ ਹੈ ਅਤੇ ਇੱਕ ਸਤੰਬਰ ਤੋਂ ਸ਼ੁਰੂ ਹੋ ਰਹੇ ਪੱਤਰਕਾਰ ਟਰੇਨਿੰਗ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਮੁੱਖ ਦਫਤਰ ਜਾ ਰਹੇ ਸਨ। ਉਨ੍ਹਾਂ ਕਿਹਾ ਕਿ ਅਭਿਸ਼ੇਕ ਨਾਂਅ ਦੇ ਅਧਿਕਾਰੀ ਨੇ ਉਨ੍ਹਾਂ ਨੂੰ ਰੋਕਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਨਿਰਦੇਸ਼ ਮਿਲੇ ਹਨ ਕਿ ਗਿਲਾਨੀ ਨੂੰ ਦੇਸ਼ ਛੱਡਣ ਨਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਕਸ਼ਮੀਰ ਦੇ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਅਜਿਹਾ ਕੀਤਾ ਗਿਆ ਹੈ। ਦੂਜੇ ਪਾਸੇ ਏਅਰਪੋਰਟ ਦੇ ਸੂਤਰਾਂ ਨੇ ਕਿਹਾ ਕਿ ਇੰਟੈਲੀਜੈਂਸ ਬਿਊਰੋ ਦੀ ਅਪੀਲ ਤੋਂ ਬਾਅਦ ਗਿਲਾਨੀ ਨੂੰ ਰੋਕਿਆ ਗਿਆ ਹੈ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com



Paramjit Deol CELL: 416-993-7378

Broker 7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

Your neighborhood broker, Call Paramjit Deol Today

**MISSISSAUGA $975** — **Tranmere Dr E.:** Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

**WOODSTOCK $2,000** — Photo Not Available — **27 Dundas St. :** Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

**SOUTH DUNDAS $3,000** — **23 Plaza Dr:** Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

**MISSISSAUGA $59,000** — **1224 Dundas St W:** Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

**CHATHAM-KENT $65,000** — **Chittim/Blenheim:** Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

**TORONTO $79,000** — Photo Not Available — **1308 St Clair Ave W :** Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

**HAMILTON $99,000** — Photo Not Available — **77 James St N.:** Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

**MISSISSAUGA $149,000** — **17 Tannery St :** Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

**MISSISSAUGA $169,900** — **7215 Goreway Dr.:** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

**BRAMPTON $199,000** — Photo Not Available — **10970 Bramalea Rd:** Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

**BRAMPTON $259,000** — Photo Not Available — **470 cHrYSLER dr:** Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

**BRAMPTON $299,000** — **23 Plaza Dr.:** Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

**MISSISSAUGA $499,000** — **5100 Erin Mills Pkwy 2E220:** Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

**BRANTFORD $499,000** — **693 Colborne St W.:** Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

**MISSISSAUGA $615,000** — **7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $655,000** — **32 Tollgate St:** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

# ਓ ਕੇ ਡੀ ਫੀਲਡ ਹਾਕੀ ਕਲੱਬ ਦਾ 8ਵਾਂ ਸਲਾਨਾ ਟੂਰਨਾਂਮੈਂਟ ਸਫਲ ਰਿਹਾ

















ਹਰ ਸਾਲ ਦੀ ਤਰਾਂ ਇਸ ਸਾਲ ਵੀ ਪਿਛਲੇ ਮਹੀਨੇ 24-25 ਅਗਸਤ ਨੂੰ ਫੀਲਡ ਹਾਕੀ ਕਲੱਬ ਵਲੋ ਫੀਲਡ ਹਾਕੀ ਦਾ ਟੂਰਨਾਂਮੈਂਟ ਬਰਾਮਟਨ ਵਿਖੇ ਕਰਵ-ਾਇਆ ਗਿਆ ਜਿਸ ਵਿੱਚ ਬਹੁਤ ਸਾਰੀਆ ਟੀਮਾਂ ਨੇ ਹਿੱਸਾ ਲਿਆ ਜਿੰਨਾ ਵਿੱਚ 20 ਟੀਮਾਂ ਸਨ।ਛੋਟੇ ਲੜਕੇ ਅਤੇ ਲੜਕੀਆਂ ਦੀਆਂ 14 ਟੀਮਾਂ ਸਨ ਅਤੇ 6 ਟੀਮਾਂ ਓਪਨ ਸੀਨੀਅਰ ਦੀਆ ਟੀਮਾਂ ਸਨ ।

ਸਾਰੇ ਬੱਚੇ ਬਹੁਤ ਹੀ ਸੋਣਾ ਖੇਡੇ ਛੋਟੇ ਬੱਚਿਆਂ ਨੂੰ ਖੇਡਦੇ ਵੇਖ ਕੇ ਸਾਰੇ ਬਹੁਤ ਖੁਸ਼ ਹੋ ਰਹੇ ਸਨ । ਵੱਡੇ ਬੱਚਿਆਂ ਦੇ ਮੁਕਾਬਲੇ ਵੀ ਜਾਣੀ -15 ਤੋ ਵੱਡੀ ਉਮਰ ਵਾਲੇ ਬੱਚਿਆਂ ਜਿੰਨਾਂ ਵਿੱਚ ਲੜਕੇ ਅਤੇ ਲੜਕੀਆਂ ਦੀਆਂ ਟੀਮਾਂ ਸਨ ਬਹੁਤ ਹੀ ਵਧਿਆਂ ਮੈਚ ਹੋਏ ।ਛੋਟੇ ਬੱਚਿਆ ਦੇ ਮੈਚ ਵੀ ਵੇਖਣ ਯੋਗ ਸਨ।

ਸੀਨਅਰ ਟੀਮਾਂ 6 ਸੀਨਅਰ ਓਪੱਨ ਦੀਆਂ ਸਨ ਫਾਇਨਲ ਵਿੱਚ ਅਤੇ ਦੀਆਂ ਟੀਮਾਂ ਪਹੁਚੀਆ ਫਾਇਨਲ ਮੈਚ ਬਹੁਤ ਵੇਖਣ ਵਾਲਾ ਸੀ ਸਟੇਡਿਅਮ ਵੀ ਖੱਚਾ ਖੱਚ ਭਰਿਆ ਹੋਇਆ ਸੀ ਇਸ ਸਾਲ ਨੇ ਨੂੰ ਹਰਾ ਕੇ ਗੋਲਡ ਮੈਡਲ ਜਿੱਤਿਆ ਸਭ ਤੋ ਵੱਡੀ ਗੱਲ ਇਹ ਸੀ ਕਿ ਪਲੇਅਰ ਸੀਨੀਅਰ ਵਿੱਚ ਖੇਡ ਰਹਿ ਸਨ ਜੋ ਸਾਰੇ ਹੀ ਤਕਰੀਬਨ ਕਨੇਡਾ ਦੇ ਹੀ ਜਮਪੱਲ ਸਨ ਅਤੇ ਇੱਕ ਦੋ ਨੂੰ ਛੱਡ ਕੇ ਬਾਕੀ ਦੇ ਸਾਰੇ ਪਲੇਅਰ ਉਮਰ ਦੇ ਵੀ 16 ਸਾਲ ਤੋ ਲੈ ਕੇ 25-26 ਸਾਲ ਦੇ ਹੀ ਹਨ।

ਬਹੁਤ ਸਾਰੇ ਦਰਸ਼ਕਾ ਨਾਲ ਦੋਨੋ ਹੀ ਦਿਨ ਬਹੁਤ ਰੌਣਕਾਂ ਲੱਗੀਆਂ ਰਹੀਆਂ ਅਤੇ ਗੁਰੂ ਕਾ ਲੰਗਰ ਦੋਨੋ ਹੀ ਦਿਨ ਓ ਕੇ ਡੀ ਫੀਲਡ ਹਾਕੀ ਕਲੱਬ ਦੇ ਸਾਰੇ ਹੀ ਪਰਿਵਾਰਾਂ ਨੇ ਬਹੁਤ ਸ਼ਰਦਾ ਨਾਲ ਸਭ ਨੂੰ ਛਕਾਇਆ ਚਾਹ ਪਾਣੀ ਦਾ ਬੈਠਣ ਦਾ ਹਰ ਸਾਲ ਦੀ ਤਰਾਂ ਖ਼ਾਸ ਪ੍ਰਬੰਦ ਕੀਤਾ ਗਿਆ ਸੀ।

ਬਹੁਤ ਸਾਰੇ ਸਾਡੇ ਸਤਿਕਾਰ ਯੋਗ ਸਪੌਸਰ ਵੀਰ ਵੀ ਪਹੁੰਚੇ ਹੋਏ ਸਨ ਬਹੁਤ ਸਾਰੇ ਕੰਮਾਂ ਕਾਰਾਂ ਕਰਕੇ ਪਹੁੰਚ ਨਹੀਂ ਸਕੇ ਅਸੀਂ ਸਭ ਵੀਰਾਂ ਦਾ ਧੰਨਵਾਦ ਕਰਦੇ ਹਾਂ । ਇਸ ਤਰਾਂ ਬਹੁਤ ਸਾਰੇ ਲੀਡਰ ਵੀ ਪਹੁੰਚੇ ਹੋਏ ਸਨ ਜਿੰਨਾ ਵਿੱਚ ਬਰਾਮਟਨ ਦੇ ਮੇਅਰ ਅਤੇ ਇਸੇ ਤਰਾਂ ਅਮਰਜੋਤ ਸੰਧੂ ਹੌਣਾਂ ਦਾ ਖਾਸ ਤੌਰ ਤੇ ਧੰਨਵਾਦ ਕਰਦੇ ਜਿੰਨਾਂ ਨੇ ਉਨਟਾਰਿਓ ਗੌਰਮੈਂਟ ਦੇ ਤਿੰਨ ਮਨਿਸਟਰ ਤੇ ਹੋਰ ਐਮ ਪੀ ਪੀ ਵੀ ਉਨਾਂ ਨਾਲ ਪਹੁੰਚੇ ਸਨ ਜੋ ਬੱਚਿਆ ਦੀਆ ਟੀਮਾਂ ਨੂੰ ਮਿਲੇ ਅਤੇ ਲੰਗਰ ਦਾ ਵੀ ਅਨੰਦ ਮਾਣਿਆਂ।

ਡੈਕਸੀ ਗੁਰਦਵਾਰਾ ਸਾਹਿਬ ਦੀ ਕਮੇਟੀ ਦੇ ਬਹੁਤ ਸਾਰੇ ਮੈਬਰ ਵੀ ਹਰ ਸਾਲ ਦੀ ਤਰਾਂ ਦੋਨੋ ਹੀ ਦਿਨ ਪਹੁਚੇ ਸਨ ਅਸੀ ਅਪਣੇ ਫੀਲਡ ਹਾਕੀ ਕਲੱਬ ਵਲੋ ਆਏ ਹੋਏ ਸਾਰੇ ਹੀ ਪਲੇਰਾਂ ਦਾ ਮਾਪਿਆਂ ਦਾ ਕੋਚਾਂ ਦਾ ਦਰਸ਼ਕਾ ਦਾ ਤੇ ਖ਼ਾਸ ਕਰਕੇ ਸਰਬਜੀਤ ਸੰਘਿ ਬੱਲ ਹੋਣਾਂ ਦਾ ਤੇ ਸਾਰੇ ਹੀ ਸੇਵਾਦਾਰਾਂ ਦਾ ਦਿੱਲੋ ਬਹੁਤ ਬਹੁਤ ਧੰਨਵਾਦ ਕਰਦੇ ਹਾਂ ਅੱਗੇ ਤੋ ਇਹੀ ਬੇਨਤੀ ਕਰਦੇ ਹਾਂ ਕਿ ਅਉਣ ਵਾਲੇ ਸਾਲਾ ਵਿੱਚ ਵੀ ਵੱਧਚੱੜ ਕੇ ਹਿੱਸਾ ਲੈਣਾ ਬਹੁਤ ਸਾਰੀਆਂ ਕਮੀਆਂ ਵੀ ਰਹਿ ਗਈਆਂ ਹੋਣਗੀਆ ਉਸ ਲਈ ਖਿਮਾ ਮੰਗਦੇ ਹਾਂ ਅਤੇ ਬੇਨਤੀ ਕਰਦੇ ਹਾਂ ਕਿ ਜਿੰਨਾਂ ਨੇ ਅਪਣੇ ਬੱਚਿਆ ਨੂੰ ਹਾਕੀ ਦੀ ਗੇਮ ਵਿੱਚ ਖਡਾਉਣਾਂ ਹੋਵੇ ਜਾਂ ਕਿਸੇ ਨੇ ਖੇਡਣਾਂ ਹੋਵੇ ਉਹ ਸਾਡੇ ਨਾਲ ਸੰਮਪਰਕ ਕਰ ਸਕਦੇ ਹਨ ਪ੍ਰਧਾਨ ਗੁਜਿੰਦਰ ਸਿੰਘ 416-731-1602 ਜਾਂ ਬਲਵਿੰਦਰ ਸਿੰਘ ਧੰਜੂ 416-816-4339 ਜਾਂ ਡੈਕਸੀ ਗੁਰਦਵਾਰੇ 905-670-3311.ਨੰਬਰਾਂ ਤੇ ਟੈਲੀਫੂਨ ਕਰ ਸਕਦੇ ਹਨ।

# ਪੰਡਿਤ ਮੋਤੀ ਲਾਲ ਨਹਿਰੂ ਮਿਉਂਸਿਪਲ ਕਾਰਪੋਰੇਸ਼ਨ ਲਾਇਬ੍ਰੇਰੀ, ਅੰਮ੍ਰਿਤਸਰ ਦੀਆਂ ਕਿਤਾਬਾਂ ਤੇ ਹੋਰ ਦਸਤਾਵੇਜਾਂ ਨੂੰ ਡਿਜ਼ੀਟਲਾਈਜ਼ ਕਰਾਉਣ ਦੀ ਮੰਗ

ਅੰਮ੍ਰਿਤਸਰ, 3 ਸਤੰਬਰ (ਪੋਸਟ ਬਿਊਰੋ): ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੁਸਾਇਟੀ ਲਿਮਟਿਡ, ਲੁਧਿਆਣਾ/ ਅੰਮ੍ਰਿਤਸਰ ਦੇ ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਮੇਅਰ ਸ. ਕਰਮਜੀਤ ਸਿੰਘ ਰਿੰਟੂ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਸਥਾਨਕ ਟਾਊਨ ਹਾਲ ਵਿਖੇ 99 ਸਾਲਾਂ ਤੋਂ ਚਲ ਰਹੀ ਪੰਡਿਤ ਮੋਤੀ ਲਾਲ ਨਹਿਰੂ ਮਿਉਂਸਿਪਲ ਕਾਰਪੋਰੇਸ਼ਨ ਲਾਇਬਰੇਰੀ ਵਿਚ 20 ਹਜ਼ਾਰ ਤੋਂ ਵੱਧ ਦੁਰਲੱਭ ਪੰਜਾਬੀ, ਅੰਗਰੇਜ਼ੀ, ਹਿੰਦੀ, ਉਰਦੂ ਵਿਚ



ਪੁਸਤਕਾਂ, ਮੈਗ਼ਜ਼ੀਨ ,ਖ਼ਰੜੇ ਆਦਿ ਹਨ।ਇਸ ਵਡਮੁਲੇ ਤੇ ਦੁਰਲਭ ਗਿਆਨ ਦੇ ਭੰਡਾਰ ਨੂੰ ਡਿਜ਼ੀਟਲਾਈਜ਼ ਕਰਵਾਇਆ ਜਾਵੇ ਤੇ ਇਸ ਕੰਮ ਲਈ ਪੰਜਾਬ ਸਰਕਾਰ ਲੋੜੀਂਦੇ ਫ਼ੰਡ ਜਾਰੀ ਕਰੇ ਤਾਂ ਜੋ ਅਗਲੇ ਸਾਲ ਇਸ ਦੀ ਪਹਿਲੀ ਸ਼ਤਾਬਦੀ 'ਤੇ ਇਹ ਵਡਮੁਲਾ ਸਰਮਾਇਆ ਪਾਠਕਾਂ ਤੇ ਖੋਜਾਰਥੀਆਂ( ਰਿਸਚਸ ਸਕਾਲਰਾਂ) ਲਈ ਉਪਲਭਧ ਹੋ ਸਕੇ।ਉਨ੍ਹਾਂ ਨੇ ਇਸ ਸਬੰਧੀ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਮਹਿਲ ਸ਼ਿੰਘ ਦੀ ਸਹਾਇਤਾ ਲੈਣ ਦੀ ਅਪੀਲ ਕੀਤੀ ਹੈ ਜਿਨ੍ਹਾਂ ਨੇ 100 ਸਾਲ ਤੋਂ ਵੀ ਵਧ ਪੁਰਾਣੀਆਂ ਅਖ਼ਬਾਰਾਂ, ਮੈਗਜੀਨ, ਪੁਸਤਕਾਂ ਤੇ ਹੋਰ ਦਸਤਾਵੇਜ਼ਾਂ ਨੂੰ ਡਿਜ਼ੀਟਲਾਈਜ਼ ਕਰਵਾਇਆ ਹੈ।

ਇੱਥੇ ਦਸਣਯੋਗ ਹੈ ਕਿ 1920 ਵਿਚ ਅੰਗਰੇਜ਼ੀ ਹਕੂਮਤ ਨੇ ਇਸ ਨੂੰ ਸਥਾਪਤ ਕੀਤਾ ਤੇ ਇਸ ਦਾ ਨਾਂ ਮੀਆਂ ਗ਼ੁਲਾਮ ਸਾਦਿਕ ਲਾਇਬਰੇਰੀ ਰਖਿਆ ਸੀ। ਆਜਾਦੀ ਦੇ ਬਾਦ ਇਸ ਦਾ ਨਾਂ ਬਦਲ ਕਿ ਪੰਡਿਤ ਮੋਤੀ ਲਾਲ ਨਹਿਰੂ ਮਿਉਂਸਿਪਲ ਲਾਇਬਰੇਰੀ, ਅੰਮ੍ਰਿਤਸਰ ਰਖਿਆ ਗਿਆ। ਇਹ ਸ਼ਹਿਰ ਦੇ ਕੇਂਦਰ ਵਿੱਚ ਹੈ ਜਿਸ ਦਾ ਲਾਭ ਚਾਰ ਦੀਵਾਰੀ ਅੰਦਰ ਰਹਿੰਦੇ ਨਾ ਕੇਵਲ ਲੱਖਾਂ ਲੋਕ ਉੱਠਾ ਰਹੇ ਹਨ, ਸਗੋਂ ਇਹ ਪਾਰਟੀਸ਼ਨ ਮਿਊਜ਼ੀਅਮ ਵੇਖਣ ਆਉਂਦੇ ਯਾਤਰੂਆਂ ਲਈ ਵੀ ਲਾਭਦਾਇਕ ਹੈ।

# 'ਦਿਸ਼ਾ' ਵੱਲੋਂ ਇਕ-ਦਿਨਾ ਸੈਮੀਨਾਰ 8 ਸਤੰਬਰ ਨੂੰ



ਬਰੈਂਪਟਨ, (ਡਾ. ਝੰਡ) – ਪਿਛਲੇ ਛੇ ਸਾਲਾਂ ਤੋਂ ਬਰੈਂਪਟਨ ਵਿਚ ਸਰਗਰਮ ਔਰਤਾਂ ਦੀ ਸੰਸਥਾ 'ਦਿਸ਼ਾ' ਵੱਲੋਂ 8 ਸਤੰਬਰ ਦਿਨ ਐਤਵਾਰ ਨੂੰ 'ਸਿੱਖ ਔਰਤਾਂ ਦੀ ਵਰਤਮਾਨ ਦਸ਼ਾ: ਸਮਾਜਿਕ-ਸੱਭਿਆਚਾਰਕ ਪਰਿਪੇਖ' ਵਿਸ਼ੇ 'ਤੇ ਇਕ ਦਿਨਾਂ ਸੈਮੀਨਾਰ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਸੈਮੀਨਾਰ ਗੁਰੂ ਨਾਨਕ ਦੇਵ ਜੀ ਦੇ 550'ਵੇਂ ਪ੍ਰਕਾਸ਼-ਉਤਸਵ ਨੂੰ ਸਮੱਰਪਿਤ ਹੋਵੇਗਾ ਅਤੇ ਇਸ ਵਿਚ ਸਿੱਖ ਔਰਤਾਂ ਨੂੰ ਦਰਪੇਸ਼ ਵਰਤਮਾਨ ਚੁਣੌਤੀਆਂ ਤੇ ਗੁਰਬਾਣੀ ਦੀਆਂ ਸਿੱਖਿਆਵਾਂ ਦੀ ਰੌਸ਼ਨੀ ਵਿਚ ਉਨ੍ਹਾਂ ਦੇ ਹੱਲ ਬਾਰੇ ਵਿਦਵਾਨਾਂ ਵੱਲੋਂ ਪੇਪਰ ਪੜ੍ਹੇ ਜਾਣਗ। ਉਪਰੰਤ, ਉਨ੍ਹਾਂ ਉੱਪਰ ਵਿਚਾਰ-ਵਟਾਂਦਰਾ ਹੋਵੇਗਾ। ਇਹ ਸੈਮੀਨਾਰ ਨੈਸ਼ਨਲ ਬੈਂਕੁਇਟ ਹਾਲ (ਮੇਨ-ਹਾਲ), 7355 ਟੋਰਬਰੱਮ ਰੋਡ, ਮਿਸੀਸਾਗਾ ਵਿਚ ਸਵੇਰੇ 10.00 ਵਜੇ ਤੋਂ ਸ਼ਾਮ 4.00 ਵਜੇ ਤੀਕ ਹੋਵੇਗਾ।

'ਪੰਜਾਬੀ ਭਵਨ ਟੋਰਾਂਟੋ' ਵਿਚ ਪਿਛਲੇ ਸ਼ਨੀਵਾਰ ਬੁਲਾਈ ਗਈ ਪਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ 'ਦਿਸ਼ਾ' ਦੀ ਚੇਅਰਪਰਸਨ ਡਾ. ਕੰਵਲਜੀਤ ਢਿੱਲੋਂ ਨੇ ਦੱਸਿਆ ਕਿ ਇਸ ਇਕ-ਦਿਨਾਂ ਸੈਮੀਨਾਰ ਦੇ ਤਿੰਨ ਸੈਸ਼ਨ ਹੋਣਗੇ। ਪਹਿਲੇ ਉਦਘਾਟਨੀ ਸੈਸ਼ਨ ਵਿਚ ਸੈਮੀਨਾਰ ਦੀ ਅਹਿਮੀਅਤ ਬਾਰੇ ਉਨ੍ਹਾਂ ਵੱਲੋਂ ਸੰਖੇਪ ਵਿਚ ਦੱਸਣ ਤੋਂ ਬਾਅਦ 'ਕੀ-ਨੋਟ ਐਡਰੈਸ' ਸਾਊਥ ਏਸ਼ੀਅਨ ਔਰਤਾਂ ਦੇ ਕਮਿਊਨਿਟੀ ਡਿਵੈੱਲਪਮੈਂਟ ਪ੍ਰੋਗਰਾਮਾਂ ਵਿਚ ਸਰਗ਼ਰਮ ਅਰੁਨਾ ਪੈਪ ਵੱਲੋਂ ਹੋਵੇਗਾ। ਪੰਜਾਬੀ ਕਮਿਊਨਿਟੀ ਵਿਚ ਵਿਚਰ ਰਹੇ ਉੱਘੇ ਕਮਿਊਨਿਟੀ ਵਰਕਰ ਪੀ.ਸੀ.ਐੱਚ.ਐੱਸ. ਦੇ ਸੀ.ਈ.ਓ. ਬਲਦੇਵ ਸਿੰਘ ਮੁੱਤਾ 'ਸਿੱਖ ਔਰਤਾਂ ਨੂੰ ਦਰਪੇਸ਼ ਚੁਣੌਤੀਆਂ' ਬਾਰੇ ਪੇਪਰ ਪੇਸ਼ ਕਰਨਗੇ। ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਅਤੇ ਚੰਡੀਗੜ੍ਹ ਦੇ ਸਾਬਕਾ ਮੇਅਰ ਹਰਜਿੰਦਰ ਕੌਰ ਇਸ ਸੈਸ਼ਨ ਦੀ ਪ੍ਰਧਾਨਗੀ ਕਰਨਗੇ।

ਸੈਮੀਨਾਰ ਦੇ ਦੂਸਰੇ ਸੈਸ਼ਨ ਵਿਚ ਸਮਾਜਿਕ, ਧਾਰਮਿਕ, ਰਾਜਨੀਤਕ ਅਤੇ ਸਭਿਆਚਾਰਕ ਖ਼ੇਤਰ ਵਿਚ ਸਰਗ਼ਰਮ ਸਿੱਖ ਕਮਿਊਨਿਟੀ ਨਾਲ ਸਬੰਧਿਤ 8-10 ਔਰਤਾਂ ਵੱਲੋਂ ਨਿੱਜੀ ਤਜਰਬਿਆਂ ਦੇ ਆਧਾਰ 'ਤੇ ਵਿਚਾਰ ਪੇਸ਼ ਕੀਤੇ ਜਾਣਗੇ, ਜਦਕਿ ਤੀਸਰੇ ਆਖ਼ਰੀ ਸੈਸ਼ਨ ਵਿਚ ਸੈਮੀਨਾਰ ਦੇ ਪ੍ਰਬੰਧਕਾਂ ਵੱਲੋਂ ਤਿਆਰ ਕੀਤੀ ਗਈ ਇਕ ਮੈਮੋਰੈਂਡਮ-ਨੁਮਾ ਪਟੀਸ਼ਨ ਬਾਰੇ ਵਿਚਾਰ ਕੀਤਾ ਜਾਏਗਾ ਜਿਸ ਨੂੰ ਹਾਊਸ ਦੀ ਪ੍ਰਵਾਨਗੀ ਤੋਂ ਬਾਅਦ ਸਿੱਖਾਂ ਦੀ ਸ਼੍ਰੋਮਣੀ ਧਾਰਮਿਕ ਸੰਸਥਾ ਐੱਸ.ਜੀ.ਪੀ.ਸੀ. ਅਤੇ ਹੋਰ ਸਬੰਧਿਤ ਸਮਾਜਿਕ ਤੇ ਧਾਰਮਿਕ ਸਿੱਖ ਸੰਸਥਾਵਾਂ ਨੂੰ ਭੇਜਿਆ ਜਾਏਗਾ।

ਸੈਮੀਨਾਰ ਦੇ ਪ੍ਰਬੰਧਕਾਂ ਵੱਲੋਂ ਸਾਰਿਆਂ ਨੂੰ ਇਸ ਸੈਮੀਨਾਰ ਵਿਚ ਆਉਣ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਲਈ 'ਦਿਸ਼ਾ' ਦੀ ਚੇਅਰ ਪਰਸਨ ਅਤੇ ਸੈਮੀਨਾਰ ਦੀ ਮੁੱਖ-ਪ੍ਰਬੰਧਕ ਡਾ. ਕੰਵਲਜੀਤ ਕੌਰ ਢਿੱਲੋਂ ਨੂੰ 1-289-980-3255 ਜਾਂ ਇਸ ਸੰਸਥਾ ਦੀ ਕੋ-ਚੇਅਰ ਕਮਲਜੀਤ ਨੱਤ ਨੂੰ 1-647-984-5216 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਬਰਾੜ ਗਰਾਜ ਡੋਰ

ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Inderjit Singh
Daljit Singh
President
308 Rutherford Road
Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਉ ਨਾਮ

132"
88"
8 Seated Sofa
ਕਰਤਾਰ ਫਰਨੀਚਰ
■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਪਲਾਸਟਿਕ ਅਤੇ ਵਾਤਾਵਰਣ



By: Surjit Singh Flora

ਹੁਣ ਤਕ, ਸਾਡੇ ਵਿੱਚੋਂ ਬਹੁਤਿਆਂ ਨੂੰ ਪਤਾ ਲੱਗ ਹੀ ਚੁਕਾ ਹੈ ਕਿ ਪਲਾਸਟਿਕ ਦੀ ਵਰਤੋਂ ਵਾਤਾਵਰਣ ਲਈ ਇੱਕ ਵੱਡਾ ਮੁਸ਼ਕਲ ਭਰਿਆਂ ਮੁੱਦਾ ਬਦਣਾ ਜਾ ਰਿਹਾ ਹੈ।ਲੋਕ ਪਲਾਸਟਿਕ ਪ੍ਰਦੂਸ਼ਣ ਨਾਲ ਹੋਣ ਵਾਲੇ ਜੰਗਲੀ ਜੀਵਣ ਦੇ ਖਤਰਿਆਂ - ਅਤੇ ਨਾਲ ਹੀ ਮਨੁੱਖੀ ਸਿਹਤ' ਤੇ ਪੈਣ ਵਾਲੇ ਪ੍ਰਭਾਵ - ਉਦਯੋਗਾਂ ਦੇ ਨਾਲ ਇਸ ਮੁੱਦੇ ਨਾਲ ਨਜਿੱਠਣ ਲਈ ਪਹਿਲਾਂ ਨਾਲੋਂ ਵਧੇਰੇ ਜਾਗਰੂਕ ਹੋ ਚੁਕੇ ਹਨ।

ਜੇਕਰ ਸਹੀ ਸ਼ਬਦਾ ਵਿਚ ਬਿਆਨ ਕੀਤਾ ਜਾਵੇਂ ਤਾਂ ਪਲਾਸਟਿਕ ਦੇ ਮਲਬੇ ਦੇ ਹਰ ਟੁਕੜੇ ਦੇ ਪਿੱਛੇ ਮਨੁੱਖੀ ਚਿਹਰਾ ਹੈ। ਇੱਕ ਨਾਜ਼ੁਕ ਫੈਸਲੇ ਬਿੰਦੂ ਤੇ, ਕਿਸੇ ਨੇ, ਕਿਤੇ ਥਾਂ ਤੇ , ਇਸ ਨੂੰ ਗਲਤ ਤਰੀਕੇ ਨਾਲ, ਜਾਂ ਤਾਂ ਸੋਚ-ਸਮਝ ਕੇ ਜਾਂ ਜਾਣ ਬੁੱਝ ਕੇ. ਸਿਗਰੇਟ ਫਿਲਟਰ, ਫਿਸ਼ਿੰਗ ਲਾਈਨ, ਰੱਸੀ ਅਤੇ ਗੀਅਰ, ਬੇਬੀ ਡਾਇਪਰ ਅਤੇ ਨੈਪੀਜ਼, ਪਲਾਸਟਿਕ ਰਿੰਗ, ਪਾਣੀ ਪੀਣ ਵਾਲਿਆਂ ਬੋਤਲਾਂ ਅਤੇ ਗੱਤਾ, ਡਿਸ-ਪੋਸੇਬਲ ਸਰਿੰਜ, ਟਾਇਰ, ਪਲਾਸਟਿਕ ਦੇ ਕੂੜੇ ਨੂੰ ਸੁਟਿਆਂ ਹੈ। ਜੋ ਸਾਡੇ ਛੋਟਿਆਂ ਛੋਟਿਆਂ ਨਦੀਆਂ ਨਾਲਿਆਂ ਵਿਚੋਂ ਦੀ ਹੁੰਦਾ ਹੋਇਆ ਸਮੁਦਰਾਂ ਵਿਚ ਪਹੁੰਚ ਰਿਹਾ ਹੈ । ਜਿਥੇ ਉਹ ਜਾਨਵਰਾਂ ਅਤੇ ਪਾਣੀ ਦੇ ਵਹਾ ਨੂੰ ਮੁਸ਼ਕਲਾਂ ਪੈਦਾ ਕਰ ਰਿਹਾ ਹੈ।

ਜਿਸ ਨਾਲ ਪਲਾਸਟਿਕ ਦਾ ਖਤਰਾ ਵੱਧਦਾ ਜਾ ਰਿਹਾ ਹੈ ਜੇ ਦੇਸ਼ ਨੂੰ ਸਾਫ ਕਰਨਾ ਹੈ ਤਾਂ ਹੁਣ ਪਲਾਸਟਿਕ ਨੂੰ ਹਰ ਘਰ ਤੋਂ ਹਟਾਉਣਾ ਜ਼ਰੂਰੀ ਹੋ ਚੁਕਾ ਹੈ। ਜਿਵੇਂ ਕਿ ਹਰ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ, ਕੁਝ ਫਾਇਦੇ ਅਤੇ ਕੁਝ ਨੁਕਸਾਨ ਵਾਲੇ।

ਫਾਇਦਾ ਇੰਨਾ ਵੱਡਾ ਹੈ ਕਿ ਆਦਮੀ ਆਪਣੀ ਸਹੂਲਤ ਲਈ ਪਲਾਸਟਿਕ ਦੀ ਵਰਤੋਂ ਕਰਨਾ ਸ਼ੁਰੂ ਕਰ ਦਿੰਦਾ ਹੈ, ਜਿਵੇਂ ਅਸੀਂ ਅਕਸਰ ਵਿਆਹਾਂ ਵਿਚ ਵੇਖਦੇ ਹਾਂ ਕਿ 200-250 ਮਿਲੀਲੀਟਰ ਪਲਾਸਟਿਕ ਦੀ ਬੋਤਲ ਪਾਣੀ ਲਈ ਇਸਤੇਮਾਲ ਕੀਤੀ ਜਾਂਦੀ ਹੈ ਕਿਉਂਕਿ ਹਰ ਵਿਅਕਤੀ ਨੂੰ ਕੱਚ ਦੇ ਗਲਾਸ ਵਿਚ ਪਾਣੀ ਦੇਣਾ ਥੋੜਾ ਮੁਸ਼ਕਲ ਹੁੰਦਾ ਹੈ, ਜਦ ਸਾਰੇ ਦਿਨ ਦੀ ਦੌੜ ਭੱਜ ਅਤੇ ਪਾਰਟੀ ਤੋਂ ਬਾਅਦ ਉਹਨਾਂ ਗਲਾਸਾਂ ਅਤੇ ਪਲੇਟਾ ਨੂੰ ਧੋਣਾ ਬਹੁਤ ਔਖਾ ਹੁੰਦਾ ਹੈ। ਜਿਸ ਲਈ ਅਸੀਂ ਆਪਣੇ ਫਾਇਦੇ ਅਤੇ ਸਮੇਂ ਦੀ ਬੱਚਤ ਕਰਨ ਲਈ ਪਲਾਸਟਿਕ ਪਲੇਟਾਂ , ਗਲਾਸਾਂ ਦੀ ਵਰਤੋਂ ਦਿਲ ਖੋ੍ਲ ਕੇ ਕਰਦੇ ਹਾਂ।

ਪਰ ਕਦੇ ਤੁਸੀਂ ਸੋਚਿਆ ਹੈ ਕਿ ਤੁਸੀਂ ਕਿੰਨੀ ਬਰਬਾਦੀ ਕਰ ਰਹੇ ਹੋ? ਵਿਆਹ ਵਿਚ ਕੋਈ ਵੀ ਕਦੇ ਵੀ ਇਕ ਸਮੇਂ ਵਿਚ 250 ਮਿਲੀਲੀਟਰ ਪਾਣੀ ਨਹੀਂ ਪੀਂਦਾ ਮਸਾਂ ਅੱਧੀ ਕੋ ਪੀ ਕੇ ਛੱਡ ਦਿੰਦਾ ਹੈ ਅਤੇ ਕੁਝ ਸਮੇਂ ਬਾਅਦ ਉਹੀ ਬੋਤਲ ਚੋਂ ਪਾਣੀ ਨਹੀਂ ਪੀਂਦਾ ਕਿਉਂਕਿ ਉਹ ਸੋਚਦਾ ਹੈ ਕਿ ਇਹ ਉਸਦੀ ਇੱਜ਼ਤ ਦੇ ਵਿਰੁੱਧ ਹੈ। ਇਸ ਲਈ ਅਸੀਂ ਦੋਵੇਂ ਪਲਾਸਟਿਕ ਦੇ ਨਾਲ ਨਾਲ ਬਾਕੀ ਬਚੇ ਪਾਣੀ ਨੂੰ ਵੀ ਬਰਬਾਦ ਕਰ ਦਿੰਦੇ ਹਾਂ।

ਫਾਇਦੇ ਦੇ ਨਾਲ ਨਾਲ, ਪਲਾਸਟਿਕ ਵਰਤੋਂ ਕਰਨ ਨਾਲ ਨੁਕਸਾਨ ਵੀ ਜਿਆਦਾ ਹੁੰਦਾ ਹੈ ਕਿਉਂਕਿ ਪਲਾ-ਸਟਿਕ ਇਕ ਅਜਿਹਾ ਪਦਾਰਥ ਹੈ ਜੋ ਕਦੇ ਗਲਦਾ ਨਹੀਂ। ਜੇ ਅਸੀਂ ਇਸਨੂੰ ਸਾੜ ਦਿੰਦੇ ਹਾਂ, ਤਾਂ ਇਸਦਾ ਸਾਡੇ ਵਾਤਾਵਰਣ ਤੇ ਬਹੁਤ ਬੁਰਾ ਪ੍ਰਭਾਵ ਪੈਂਦਾਂ ਹੈ ਇਸ ਵਿਚੋਂ ਨਿਕਲਿਆਂ ਧੂੰਆਂ ਜੋ ਲੋਕਾਂ ਨੂੰ ਕੈਂਸਰ , ਦਮਾ ਜਾਂ ਹੋਰ ਕਈ ਤਰ੍ਹਾਂ ਦੇ ਰੋਗਾਂ ਦਾ ਕਾਰਨ ਬਣਦਾ ਜਾ ਰਿਹਾ ਹੈ।

ਧਰਤੀ 'ਤੇ ਜਾਂ ਪਾਣੀ ਵਿਚ ਇਕੱਠੇ ਕੀਤੇ ਪਲਾਸਟਿਕ ਨੂੰ ਪਲਾਸਟਿਕ ਪ੍ਰਦੂਸ਼ਣ ਕਿਹਾ ਜਾਂਦਾ ਹੈ, ਜਿਸ ਦਾ ਪੰਛੀਆਂ, ਜਾਨਵਰਾਂ ਅਤੇ ਮਨੁੱਖਾਂ ਦੀ ਜ਼ਿੰਦਗੀ' ਤੇ ਮਾੜਾ ਪ੍ਰਭਾਵ ਪੈਂਦਾ ਹੈ। ਪਲਾਸਟਿਕ ਪ੍ਰਦੂਸ਼ਣ ਦਾ ਮਨੁੱਖਾਂ ਅਤੇ ਜਾਨਵਰਾਂ ਦੇ ਰਹਿਣ-ਸਹਿਣ ਉੱਤੇ ਖ਼ਤਰਨਾਕ ਅਸਰ ਪੈਂਦਾ ਹੈ। ਪਲਾ-ਸਟਿਕ ਪ੍ਰਦੂਸ਼ਣ ਧਰਤੀ, ਹਵਾ, ਜਲ ਮਾਰਗਾਂ ਅਤੇ ਸਮੁੰਦਰਾਂ ਨੂੰ ਵੀ ਪ੍ਰਭਾਵਤ ਕਰਦਾ ਹੈ।

ਕੀ ਪਲਾਸਟਿਕ ਨੂੰ ਤਬਦੀਲ ਕੀਤਾ ਜਾ ਸਕਦਾ ਹੈ।

ਸਮੁੱਚੇ ਤੌਰ ਤੇ ਪੌਲੀਮਿਕ ਪਦਾਰਥਾਂ ਨੂੰ ਬਦਲਣ ਲਈ. ਪੌਲੀਮਰਜ਼ ਦੀਆਂ ਹੋਰ ਸਮੱਗਰੀ ਦੀਆਂ ਕਲਾਸਾਂ (ਧਾਤ ਅਤੇ ਵਸਰਾਵਿਕ) ਦੇ ਦੋ ਵੱਡੇ ਫਾਇਦੇ ਹਨ: ਹਲਕਾ ਭਾਰ, ਅਤੇ ਪ੍ਰੋਸੈਸਿੰਗ ਦੀ ਘੱਟ ਕੀਮਤ। ਪਹਿਲੀ ਗੱਲ ਇਹ ਹੈ ਕਿ ਤੁਹਾਨੂੰ ਮਨ ਵਿਚ ਇਕ ਸੋਚ ਦੀ ਜ਼ਰੂਰਤ ਹੈ. ਉਦਾਹਰਣ ਦੇ ਲਈ, ਜੇ ਤੁਸੀਂ ਇਕ ਖਪਤਕਾਰ ਸਮਗਰੀ (ਭੋਜਨ ਲਈ ਸੋਚੋ ਪੈਕੇਜਿੰਗ) ਬਣਾਉਣ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਜਿਸ ਤੇ ਲਾਗਤ ਦੀ ਪਰਵਾਹ ਕਰਦੇ ਹੋ ਜੋ ਕੀਮਤ ਹੈ।ਜਿਸ ਲਈ ਕੰਮਪਨੀਆਂ ਪਲਾਸਟਿਕ ਦੀ ਵਰਤੋਂ ਕਰਕੇ ਲੋਕਾਂ ਦੀ ਜੇਬ ਦੀ ਬਚਤ ਅਤੇ ਆਪਣੇ ਮੁਨਾਫੇ ਲਈ ਇਸ ਪਲਾਸਟਿਕ ਪੈਕਿੰਗ ਦੀ ਵਰਤੋਂ ਕਰਦੇ ਹਨ। ਜੇਕਰ ਉਹ ਮਹਿੰਗੇ ਭਾਅ ਦੀ ਪੈਕਿੰਗ ਦੀ ਵਰਤੋਂ ਕਰਨਗੇ ਤਾਂ ਉਸ ਤੇ ਲਾਗਤ ਵੱਧ ਲੱਗਣ ਕਾਰਨ ਉਸ ਦੀ ਕੀਮਤ ਵੀ ਵੱਧ ਹੋਵੇਗੀ। ਜੋ ਹਰ ਕੋਈ ਖਰੀਦ ਨਹੀਂ ਸਕੇਗਾ। ਜਿਸ ਦਾ ਕੰਮਪਨੀਆਂ ਨੂੰ ਨੁਕਸਾਨ ਹੈ। ਜਿਸ ਲਈ ਉਹ ਪਲਾਸਟਿਕ ਦੀ ਵਰਤੋਂ ਕਰਨ ਨੂੰ ਪਹਿਲ ਦਿੰਦੇ ਹਨ।

ਇਸ ਸਥਿਤੀ ਵਿੱਚ, ਤੁਸੀਂ ਪੋਲੀਮੈਰਿਕ ਪਦਾਰਥਾਂ ਨੂੰ ਉਦੋਂ ਤਕ ਬਦਲਣ ਦੇ ਸਮਰਥ ਨਹੀਂ ਹੋ ਸਕਦੇ ਜਦੋਂ ਤਕ ਤੁਸੀਂ ਸਸਤਾ ਭੋਜਨ ਬਣਾ ਕੇ ਰੱਖਣ ਲਈ ਇਸ ਦਾ ਕੋਈ ਦੂਜਾ ਰਸਤਾ ਨਹੀਂ ਲੱਭ ਲੈਂਦੇ।

ਪੈਟਰੋਲੀਅਮ ਤੋਂ ਪ੍ਰਾਪਤ ਪੋਲੀਮਰਿਕ ਪਦਾਰਥਾਂ ਨੂੰ ਬਦਲਣਾ ਉਦਯੋਗ ਅਤੇ ਅਕਾਦਮਿਕਤਾ ਦੋਵਾਂ ਦਾ ਬਹੁਤ ਵੱਡੀ ਲੋੜ ਹੈ। ਪੌਲੀਮਰ ਦੀ ਸਭ ਤੋਂ ਵੱਡੀ ਉਦਾਹਰਣ ਜੋ ਕਿ ਨਵਿਆਉਣਯੋਗ ਤੌਰ 'ਤੇ ਪਾਈ ਜਾਂਦੀ ਹੈ ਉਹ ਹੈ ਪੌਲੀ (ਲੈਕਟਿਕ ਐਸਿਡ), ਜਾਂ ਪੀ.ਐਲ.ਏ. ਇਹ ਕੰਪੋਸਟੇਬਲ ਪੋਲੀਮਰ ਹੁੰਦਾ ਹੈ ਜੋ ਅਕਸਰ ਕੱਪ ਅਤੇ ਪਲਾਸਟਿਕ ਦੀਆਂ ਵਸਤਾਂ ਵਿੱਚ ਪਾਇਆ ਜਾਂਦਾ ਹੈ. ਇਸ ਵਿਚ ਬਹੁਤ ਸਾਰੀਆਂ ਮੁਸ਼ਕਲਾਂ ਹਨ, ਪਰੰਤੂ ਇਸ ਨੇ ਇਕ ਵਪਾਰਕ ਖੇਤਰ ਵਿਚ ਪੈਰ ਪੱਕੇ ਕੀਤੇ ਹੋਏ ਹਨ, ਅਤੇ ਨਵੀਨੀਕਰਣ ਵਾਲੇ ਪੌਲੀਮਰਜ਼ ਲਈ ਇਹ ਇਕ ਮਹੱਤਵਪੂਰਣ ਕਦਮ ਹੈ।

ਨਵਿਆਉਣਯੋਗ ਪੋਲੀਮਰਾਂ ਲਈ ਇੱਕ ਤੇਜ਼ ਗੂਗਲ ਖੋਜ ਤੁਹਾਨੂੰ ਦਿਖਾਏਗੀ ਕਿ ਤੁਸੀਂ ਜੋ ਵੀ ਲੱਭਣਾ ਚਾਹੁੰਦੇ ਹੋ. ਆਖਰਕਾਰ, ਕਿਹੜਾ ਵਧੀਆ ਹੈ ਉਹ ਕਾਰਜ ਤੇ ਨਿਰਭਰ ਕਰਦਾ ਹੈ. ਪਰ ਕੁਲ ਮਿਲਾ ਕੇ, ਪੈਟਰੋਲੀਅਮ ਤੋਂ ਬਣੀ ਕੋਈ ਵੀ ਚੀਜ਼ ਜਿਸ ਨੂੰ ਅਸੀਂ ਨਵਿਆਉਣ ਯੋਗ ਪੋਲੀਮਰਜ਼ ਨਾਲ ਤਬਦੀਲ ਕਰ ਸਕਦੇ ਹਾਂ ਵਾਤਾਵਰਣ ਲਈ ਇੱਕ ਜਿੱਤ ਹੈ. ਆਖਰਕਾਰ, ਸਮੱਸਿਆ ਪੈਦਾ ਕੀਤੇ ਗਏ ਪਾਲੀਮਰਾਂ ਦੀਆਂ ਵਿਸ਼ੇਸ਼ਤਾਵਾਂ ਅਤੇ ਲਾਗਤ ਦੀ ਹੈ. ਜਦੋਂ ਲਾਗਤ ਕਾਫ਼ੀ ਘੱਟ ਹੁੰਦੀ ਹੈ, ਅਤੇ ਵਿਸ਼ੇਸ਼ਤਾਵਾਂ ਕਾਫ਼ੀ ਵਧੀਆ ਹੁੰਦੀਆਂ ਹਨ, ਤਾਂ ਉਦਯੋਗ ਇਨ੍ਹਾਂ ਨਵਿਆਉਣਯੋਗ ਸਮਗਰੀ ਨੂੰ ਬਦਲਣ ਵਿਚ ਸਹਾਈ ਹੋਵੇਗਾ।

ਪਲਾਸਟਿਕ ਨੇ ਪੱਕਾ ਪੈਰ ਜਮਾਇਆ ਹੋਇਆਂ ਹੈ ਅਤੇ ਸਾਲਾਂ ਦੇ ਦੌਰਾਨ ਮਨੁੱਖੀ ਜੀਵਣ ਦਾ ਇੱਕ ਲਾਜ਼ਮੀ ਹਿੱਸਾ ਬਣ ਗਿਆ ਹੈ. ਹਾਲਾਂਕਿ, ਮਨੁੱਖਾਂ ਨੇ ਹੁਣ ਸਮਝ ਲਿਆ ਹੈ ਕਿ ਜ਼ਹਿਰੀਲੇ ਪਲਾਸਟਿਕ ਦੇ ਨੁਕਸਾਨਦੇਹ ਪ੍ਰਭਾਵ ਨੂੰ ਖਤਮ ਕਰਨਾ ਹੈ।

ਵਾਤਾਵਰਣ ਦੇ ਅਨੁਕੂਲ ਉਤਪਾਦ ਇੱਕ ਕੁਸ਼ਲ ਪਰੋਦੁਚਟਸੰਗ ਨਾਲ ਪਲਾਸਟਿਕ ਉਤਪਾਦਾਂ ਦੀ ਥਾਂ ਲੈ ਸਕਦੇ ਹਨ. ਇਹ ਉਤਪਾਦ ਨਵੀਨੀਕਰਣ ਅਤੇ ਬਾਇਓ-ਡਿਗਰੇ-ਬਲ ਸਰੋਤਾਂ ਤੋਂ ਬਣੇ ਹਨ ਜਿਵੇਂ ਕਿ ਮੱਕੀ-ਸਟਾਰਚ, ਗੰਨੇ ਦੇ ਬਾਗਸੇ . ਇਨ੍ਹਾਂ ਵਿੱਚ ਬੈਗ, ਕੱਪ, ਕਟੋਰੇ, ਪਲੇਟਾਂ, ਦੁਪਹਿਰ ਦਾ ਖਾਣਾ ਅਤੇ ਕਟਲਰੀ ਸ਼ਾਮਲ ਹਨ। ਇਹਨਾਂ ਚੀਜਾਂ ਤੋਂ ਬਣਾਇਆਂ ਵਸਤਾਂ ਹਾਨੀਕਾਰਕ ਗੈਸਾਂ ਨੂੰ ਜਾਰੀ ਨਹੀਂ ਕਰਦੇ। ਉਹ ਵਾਤਾਵਰਣਕ ਸਥਿਰਤਾ ਵਿੱਚ ਬਹੁਤ ਯੋਗਦਾਨ ਸਾਬਿਤ ਹੁੰਦੇ ਹਨ।

ਪਲਾਸਟਿਕ ਦੀਆਂ ਕੁਝ ਵਾਤਾਵਰਣ ਅਨੁਕੂਲ ਤਬਦੀਲੀਆਂ ਕੀ ਹਨ? ਪੇਪਰ ਬੈਗ ਅਤੇ ਕੱਪੜੇ ਤੋਂ ਬਣੇ ਬੈਗ: ਪੇਪਰ ਬੈਗਾਂ ਦੀ ਵਰਤੋਂ ਪਲਾਸਟਿਕ ਦੀ ਜਗ੍ਹਾ 'ਤੇ ਕੀਤੀ ਜਾ ਸਕਦੀ ਹੈ ਕਿਉਂਕਿ ਉਹ ਹਲਕੇ ਵਸਤੂਆਂ ਚੁੱਕਣ ਲਈ ਵਧੀਆ ਹਨ ਅਤੇ ਉਹ ਬਹੁਤ ਅਸਾਨੀ ਨਾਲ ਗਰਬੇਜ ਕੀਤੇ ਜਾਂ ਸਕਦੇ ਹਨ ਕਪੜੇ ਦੇ ਬੈਗ ਬਹੁਤ ਮਜ਼ਬੂਤ ਹੁੰਦੇ ਹਨ ਅਤੇ ਪਲਾਸਟਿਕ ਦਾ ਇੱਕ ਬਹੁਤ ਵਧੀਆ ਵਿਕਲਪ ਹੁੰਦਾ ਹੈ, ਤੁਸੀਂ ਇਸ ਦੀ ਵਰਤੋਂ ਭਾਰੀਆਂ ਵਸਤੂਆਂ ਨੂੰ ਚੁੱਕਣ ਲਈ ਵੀ ਕਰ ਸਕਦੇ ਹੋ। ਧੋਹ ਕੇ ਦਵਾਰਾਂ ਵਰਤੋਂ ਵੀ ਕਰ ਸਕਦੇ ਹੋ। ਇਹ ਬੇਗ ਅੱਜ ਕਲ ਤਕਰੀਬਨ ਹਰ ਸਟੋਰਾਂ ਤੇ ਪਏ ਮਿਲ ਜਾਣਗੇ।

ਆਸ ਕਰਦੇ ਹਾਂ ਸਾਡੇ ਪੰਜਾਬੀ ਪੋਸਟ ਦੇ ਸੂਝਵਾਨ ਪਾਠਕ ਆਪਣਾ ਤੇ ਆਪਣੇ ਬੱਚਿਆਂ ਦਾ ਭਵਿੱਖ ਦੇ ਨਾਲ ਨਾਲ ਜਾਨਵਰਾਂ ਅਤੇ ਪਾਣੀ ਦੇ ਵਹਾ ਨੂੰ ਇਕ ਸਾਰ ਚੱਲਣ ਲਈ ਪਲਾ-ਸਟਿਕ ਦੀ ਵਰਤੋਂ ਅਤੇ ਇਸ ਨੂੰ ਜਿਥੇ ਦਿਲ ਕੀਤਾ ਸੁਟਨ ਤੋਂ ਗੁਰੇਜ ਕਰਨਗੇ। ਜੋ ਸਾਨੂੰ ਕਈ ਬਿਮਾਰੀਆਂ ਤੋਂ ਹੀ ਨਹੀਂ ਬਚਾਉਣਗੇ। ਬੱਲਕੇ ਆਏ ਦਿਨ ਹੜਾਂ ਤੋਂ ਵੀ ਬਚਾ ਕਰਾਉਣਗੇ।

# ਐਨ ਡੀ ਪੀ ਦਾ ਸਾਥ ਛੱਡ ਕੇ ਵੱਡੀ ਗਿਣਤੀ ਉਮੀਦਵਾਰਾਂ ਨੇ ਗ੍ਰੀਨ ਪਾਰਟੀ ਦਾ ਪੱਲਾ ਫੜ੍ਹਿਆ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਇਸੇ ਲਈ 2018 ਦੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਐਨਡੀਪੀ ਨੂੰ ਮਿਲਣ ਵਾਲੇ ਸਮਰਥਨ ਵਿੱਚ ਗਿਰਾਵਟ ਆਈ ਤੇ ਗ੍ਰੀਨ ਪਾਰਟੀ ਦੀ ਚੜ੍ਹਤ ਹੋਈ। ਉਸ ਸਮੇਂ ਗ੍ਰੀਨ ਪਾਰਟੀ ਦੇ ਤਿੰਨ ਐਮਐਲਏ ਚੁਣੇ ਗਏ ਸਨ।

ਸਰਵੇਖਣ ਕਰਵਾਉਣ ਵਾਲੀ ਕੰਪਨੀ ਦੇ ਨਿੱਕ ਨੈਨੋਜ਼ ਨੇ ਆਖਿਆ ਕਿ ਐਨਡੀਪੀ ਲਈ ਹਾਲਾਤ ਸਹੀ ਨਹੀਂ ਹਨ। ਲੋਕਾਂ ਨੂੰ ਇਹ ਸਮਝ ਹੀ ਨਹੀਂ ਆ ਰਹੀ ਕਿ ਐਨਡੀਪੀ ਆਗੂ ਜਗਮੀਤ ਸਿੰਘ ਦਾ ਸਟੈਂਡ ਕੀ ਹੈ। 2015 ਵਿੱਚ ਜੇ ਝਾਤੀ ਮਾਰੀ ਜਾਵੇ ਤਾਂ ਕੌਮੀ ਪੱਧਰ ਉੱਤੇ ਐਨਡੀਪੀ ਨੂੰ ਮਿਲਣ ਵਾਲਾ ਸਮਰਥਨ ਹੁਣ ਨਾਲੋਂ ਦੁੱਗਣਾ ਸੀ। ਅਗਲੀਆਂ ਫੈਡਰਲ ਚੋਣਾਂ ਵਿੱਚ ਆਪਣੇ ਮਿਆਰ ਨੂੰ ਉੱਚਾ ਚੁੱਕਣ ਲਈ ਜਗਮੀਤ ਸਿੰਘ ਨੂੰ ਵੱਧ ਤੋਂ ਵੱਧ ਕੈਨੇਡੀਅਨਾਂ ਨੂੰ ਆਪਣੇ ਨਾਲ ਜੋੜਨਾ ਹੋਵੇਗਾ।

ਪਾਰਟੀ ਛੱਡਣ ਵਾਲੇ ਉਮੀਦਵਾਰਾਂ ਨੇ ਇੱਕ ਸਾਂਝੇ ਬਿਆਨ ਵਿੱਚ ਆਖਿਆ ਕਿ 2017 ਵਿੱਚ ਲੀਡਰਸ਼ਿਪ ਦੌੜ ਜਿੱਤਣ ਤੋਂ ਬਾਅਦ ਕਦੇ ਇੱਕ ਵਾਰੀ ਵੀ ਫੈਡਰਲ ਐਨਡੀਪੀ ਆਗੂ ਜਗਮੀਤ ਸਿੰਘ ਨੇ ਪ੍ਰੋਵਿੰਸ ਵਿੱਚ ਗੇੜਾ ਨਹੀਂ ਮਾਰਿਆ। ਦੂਜੇ ਪਾਸੇ ਮੇਅ ਤੇ ਫੈਡਰਲ ਗ੍ਰੀਨ ਪਾਰਟੀ ਸਾਡੀ ਪ੍ਰੋਵਿੰਸ ਵਿੱਚ ਪੂਰੀ ਦਿਲਚਸਪੀ ਲੈ ਰਹੇ ਹਨ ਤੇ ਕਈ ਵਾਰੀ ਇੱਥੋਂ ਦਾ ਦੌਰਾ ਵੀ ਕਰ ਚੁੱਕੇ ਹਨ। ਇੱਕ ਇੰਟਰਵਿਊ ਵਿੱਚ ਰਿਚਰਡਸਨ ਨੇ ਆਖਿਆ ਕਿ ਇਹ ਮੁੱਦਾ ਜਗਮੀਤ ਸਿੰਘ ਦੀ ਲੀਡਰਸ਼ਿਪ ਨਾਲ ਘੱਟ ਜੁੜਿਆ ਹੈ ਜਦਕਿ ਜ਼ਿਆਦਾ ਇਸ ਗੱਲ ਨਾਲ ਸਬੰਧਤ ਹੈ ਕਿ ਅਗਾਂਹਵਧੂ ਨੀਤੀਆਂ ਉੱਤੇ ਹੁਣ ਐਨਡੀਪੀ ਪਹਿਲਾਂ ਵਾਂਗ ਪਹਿਰਾ ਨਹੀਂ ਦੇ ਰਹੀ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ 2019 ਦੀ ਕੈਂਪੇਨ ਵਿੱਚ ਐਨਡੀਪੀ ਦਾ ਕੋਈ ਐਮਪੀ ਨਿਊ ਬਰੰਜ਼ਵਿੱਕ ਵਿੱਚ ਚੁਣਿਆ ਜਾਵੇਗਾ।

ਅਸੰਤੁਸ਼ਟ ਨਿਊ ਡੈਮੋਕ੍ਰੈਟਸ ਦਾ ਇਹ ਗਰੁੱਪ ਹੁਣ ਹੋਰਨਾਂ ਐਨਡੀਪੀ ਸਮਰਥਕਾਂ ਨੂੰ ਫੈਡਰਲ ਚੋਣਾਂ ਵਿੱਚ ਨਿਊ ਬਰੰਜ਼ਵਿੱਕ ਵਿੱਚ ਗ੍ਰੀਨ ਪਾਰਟੀ ਦਾ ਸਾਥ ਦੇਣ ਲਈ ਹੱਲਾਸ਼ੇਰੀ ਦੇ ਰਿਹਾ ਹੈ। ਇਸ ਦੌਰਾਨ ਐਨਡੀਪੀ ਦੀ ਤਰਜ਼ਮਾਨ ਮੇਲੈਨੀ ਰਿਚਰ ਨੇ ਆਖਿਆ ਕਿ ਐਨਡੀਪੀ ਨਿਊ ਬਰੰਜ਼ਵਿੱਕ ਵਿੱਚ ਉਮੀਦਵਾਰਾਂ ਨਵੇਂ ਸਿਰੇ ਤੋਂ ਨਾਮਜ਼ਦ ਕਰੇਗੀ। ਅਗਲੇ ਹਫਤੇ ਦੇ ਅੰਤ ਤੋਂ ਪਹਿਲਾਂ ਇੱਥੋਂ ਲਈ ਨਾਮੀਨੇਸ਼ਨ ਸਬੰਧੀ ਛੇ ਮੀਟਿੰਗਾਂ ਰੱਖੀਆਂ ਗਈਆਂ ਹਨ।

# ਹੈਲਥ ਕੈਨੇਡਾ ਵੱਲੋਂ ਓਨਟਾਰੀਓ ਵਿੱਚ ਵਿਕ ਰਹੇ ਅਣਅਧਿਕਾਰਤ ਉਤਪਾਦ ਜ਼ਬਤ

...ਪੰਨਾ 1 ਦਾ ਬਾਕੀ

ਐਜ਼ੀਲੈਕ ਐਸਿਡ ਵਾਲੇ ਉਤਪਾਦ ਦੀ ਬਿਨਾ ਡਾਕਟਰੀ ਸਲਾਹ ਦੇ ਵਰਤੋਂ ਕਰਨ ਨਾਲ ਚਮੜੀ ਉੱਤੇ ਜਲਨ ਹੋ ਸਕਦੀ ਹੈ, ਚਮੜੀ ਹਾਈਪਰਸੈਂਸਿਟੀਵਿਟੀ ਹੋ ਸਕਦੀ




ਹੈ ਜਾਂ ਫਿਰ ਚਮੜੀ ਦਾ ਰੰਗ ਵੀ ਬਦਲ ਸਕਦਾ ਹੈ। ਹੈਲਥ ਕੈਨੇਡਾ ਨੇ ਉਨ੍ਹਾਂ ਕੰਜ਼ਿਊਮਰਜ਼ ਨੂੰ ਇਸ ਉਤਪਾਦ ਦੀ ਵਰਤੋਂ ਫੌਰਨ ਰੋਕਣ ਲਈ ਆਖਿਆ ਹੈ ਜਿਹੜੇ ਇਸ ਨੂੰ ਖਰੀਦ ਚੁੱਕੇ ਹਨ।

# ਭਾਰਤੀ ਨੇਵੀ ਮੁਖੀ ਕਰਮਬੀਰ ਸਿੰਘ ਦਾ 5 ਸਤੰਬਰ ਸ਼ਾਮ ਨੂੰ ਇੰਡੀਆ ਹਾਊਸ ਵਲਿੰਗਟਨ ਵਿਖੇ ਹੋਵੇਗਾ ਸਵਾਗਤ

ਔਕਲੈਂਡ, 3 ਸਤੰਬਰ (ਹਰਜਿੰਦਰ ਸਿੰਘ ਬਸਿਆਲਾ)-ਜਲੰਧਰ ਦੇ ਜੰਮਪਲ ਭਾਰਤੀ ਨੇਵੀ ਦੇ 24ਵੇਂ ਮੁਖੀ ਸੈਨਾਪਤੀ ਕਰਮਬੀਰ ਸਿੰਘ ਕੱਲ੍ਹ ਰਾਤ ਨਿਊਜ਼ੀਲੈਂਡ ਆ ਰਹੇ ਹਨ . ਦੇਸ਼ ਦੀ ਰਾਜਧਾਨੀ ਵਲਿੰਗਟਨ ਵਿਖੇ 5 ਸਤੰਬਰ ਸ਼ਾਮ ਨੂੰ ਭਾਰਤੀ ਹਾਈ ਕਮਿਸ਼ਨ ਵੱਲੋਂ ਉਨ੍ਹਾਂ ਦੇ ਸਵਾਗਤ ਲਈ ਸ਼ਾਮ 6 ਵਜੇ ਇਕ ਵਿਸ਼ੇਸ਼ ਸਮਾਗਮ ਇੰਡੀਆ ਹਾਊਸ ਵਿਖੇ ਰੱਖਿਆ ਗਿਆ ਹੈ . ਪਤਾ ਲੱਗਾ ਹੈ ਕਿ ਉਹ 6 ਫਰਵਰੀ ਨੂੰ ਥੋੜ੍ਹੇ ਸਮੇਂ ਲਈ ਔਕਲੈਂਡ ਵੀ ਆਉਣਗੇ . ਵਰਨਣਯੋਗ ਹੈ ਕਿ 59 ਸਾਲਾ ਸੈਨਾਪਤੀ ਕਰਮਬੀਰ ਸਿੰਘ ਪਹਿਲੇ ਹੈਲੀਕਾਪਟਰ ਪਾਇਲਟ ਹਨ ਜੋ ਭਾਰਤੀ ਨੇਵੀ ਦੇ ਮੁਖੀ ਬਣੇ ਹਨ . 2 ਸਤੰਬਰ ਤੋਂ 6 ਸਤੰਬਰ ਤੱਕ ਸੈਨਾਪਤੀ ਕਰਮਬੀਰ ਸਿੰਘ ਆਸਟਰੇਲੀਆ ਅਤੇ ਨਿਊਜ਼ੀਲੈਂਡ ਦੌਰੇ



'ਤੇ ਹਨ . ਇਹ ਵੀ ਖਾਸ ਗੱਲ ਹੈ ਕਿ ਭਾਰਤੀ ਨੇਵੀ ਮੁਖੀ ਕਰਮਬੀਰ ਸਿੰਘ ਤਾਮਿਲਨਾਡੂ ਸਥਿਤ ਵਲਿੰਗਟਨ ਕਨਟੋਨਮੈਂਟ (ਡਿਫੈਂਸ ਸਰਵਿਸਜ਼ ਸਟਾਫ ਕਾਲਜ) ਦੇ ਪੜ੍ਹੇ ਲਿਖੇ ਹਨ ਅਤੇ ਹੁਣ ਨਿਊਜ਼ੀਲੈਂਡ ਦੀ ਰਾਜਧਾਨੀ ਵਲਿੰਗਟਨ ਵਿਖੇ ਉਨ੍ਹਾਂ ਦਾ ਸਵਾਗਤ ਹੋਵੇਗਾ . ਉਨ੍ਹਾਂ ਦੇ ਵਰਦੀ ਉਤੇ 10 ਮੈਡਲ ਰੀਬਨ ਲੱਗੇ ਹੋਏ ਹਨ ਅਤੇ ਵੱਡੇ ਮਾਣਵਾਲੇ ਐਵਾਰਡਾਂ ਦੇ ਜੇਤੂ ਹਨ . ਉਨ੍ਹਾਂ ਨੂੰ 'ਪਰਮ ਵਿਸ਼ਿਸ਼ਟ ਸੇਵਾ ਮੈਡਲ' ਅਤੇ 'ਅਤਿ ਵਿਸ਼ਸ਼ਟ ਸੇਵਾ ਮੈਡਲ' ਵੀ ਭਾਰਤ ਸਰਕਾਰ ਤੋਂ ਮਿਲ ਚੁੱਕਾ ਹੈ .

ਉਹ ਇਸੇ ਸਾਲ 31 ਮਈ ਨੂੰ ਨੇਵੀ ਦੇ ਤਿੰਨ ਸਾਲ ਲਈ ਸੈਨਾ ਮੁਖੀ ਬਣੇ ਸਨ . 1980 ਦੇ ਵਿਚ ਉਨ੍ਹਾਂ ਨੇ ਇੰਡੀਅਨ ਨੇਵੀ ਦੇ ਵਿਚ ਆਪਣਾ ਕਰੀਅਰ ਸ਼ੁਰੂ ਕੀਤਾ ਸੀ . ਇੰਡੀਆ ਡਿਫੈਂਸ ਦੇ ਨਿਊਜ਼ੀਲੈਂਡ ਡਿਫੈਂਸ ਦੇ ਨਾਲ ਪਹਿਲੀ ਸੰਸਾਰ ਜੰਗ ਵੇਲੇ ਦੇ ਸਬੰਧ ਹਨ ਤੇ ਇਨ੍ਹਾਂ ਦੇ ਵਿਚ ਹੋਰ ਸੁਧਾਰ ਕਰਨ ਉਤੇ ਗੱਲਬਾਤ ਹੋਵੇਗੀ . ਨਿਊਜ਼ੀਲੈਂਡ ਉਹ ਦੇਸ਼ ਹੈ ਜੋ ਕਿ ਭਾਰਤੀ ਨੇਵੀ ਦੇ ਇਕ ਦੋ ਸਾਲਾਂ ਬਾਅਦ ਹੁੰਦੇ 'ਨਵਲ ਐਕਸਰਸਾਈਜ਼' ਪ੍ਰੋਗਰਾਮ 'ਮਿਲਨ' ਦੇ ਵਿਚ ਵੀ 2012 ਤੋਂ ਹਿੱਸਾ ਲੈ ਰਿਹਾ ਹੈ . ਭਾਰਤੀ ਸੈਨਾ ਨੇਵੀ ਮੁਖੀ ਦਾ ਸਵਾਗਤ ਹੈ .

ਕੈਨੇਡੀਅਨ ਪੰਜਾਬੀ ਪੋਸਟ
Punjabipost.ca
905-793-2202
27 Amthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON FM 91.9
EVERYDAY 1PM TO 2PM
HOST: Harjinder Singh Gill
Ramz Punjabi
RADIO & TV
647.400.6862 | RAMZPUNJABI@GMAIL.COM | WWW.RAMZPUNJABI.COM

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Aikam MEDIA GROUP
Radio Punjab Monday to Friday 2:00PM to 3:00PM on 89.5 FM
Aikam TV Every Saturday on Vision TV Canada Wide
Aikam Arts Academy Learn Indian Classical Music Instruments Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

AZ ਡਰਾਇਵਰਾਂ ਦੀ ਲੋੜ ਹੈ
New Drivers are welcome
- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟਰੱਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

Visions of Punjab
VISION ZOOMERTV
Airs Across Canada Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਕੁਲਜੀਤ ਮਾਨ 'ਮਾਤਾ ਨਿਰੰਜਨ ਕੌਰ ਐਵਾਰਡ' ਨਾਲ ਸਨਮਾਨਿਤ

## ਮਿੰਨੀ ਗਰੇਵਾਲ ਦਾ ਵੀ ਸਨਮਾਨ






ਮਿਸੀਸਾਗਾ, (ਡਾ.ਝੰਡ) - 'ਅਸੀਸ ਮੰਚ ਟੋਰਾਂਟੋ' ਵੱਲੋਂ ਦੋ ਸਾਲ ਪਹਿਲਾਂ ਸ਼ੁਰੂ ਕੀਤਾ ਗਿਆ 'ਮਾਤਾ ਨਿਰੰਜਨ ਕੌਰ ਐਵਾਰਡ ਇਸ ਵਾਰ ਬਰੈਂਪਟਨ ਦੇ ਉੱਘੇ ਕਹਾਣੀਕਾਰ ਕੁਲਜੀਤ ਮਾਨ ਨੂੰ ਦਿੱਤਾ ਗਿਆ। ਪਰਮਜੀਤ ਦਿਓਲ ਵੱਲੋਂ ਆਏ ਮਹਿਮਾਨਾਂ ਨੂੰ ਨਿੱਘੀ ਜੀ-ਆਇਆਂ ਕਹਿਣ ਪਿੱਛੋਂ ਮੰਚ-ਸੰਚਾਲਕ ਕੁਲਵਿੰਦਰ ਖਹਿਰਾ ਨੇ ਕਹਾਣੀਕਾਰ ਮੇਜਰ ਮਾਂਗਟ ਨੂੰ ਕੁਲਜੀਤ ਮਾਨ ਬਾਰੇ ਜਾਣਕਾਰੀ ਦੇਣ ਲਈ ਕਿਹਾ ਜਿਨ੍ਹਾਂ ਨੇ ਕੁਲਜੀਤ ਮਾਨ ਬਾਰੇ ਦੱਸਦਿਆ ਕਿਹਾ ਕਿ ਕੁਲਜੀਤ ਮਾਨ ਨਾਵਲ, ਕਹਾਣੀਆਂ, ਵਾਰਤਕ ਅਤੇ ਹਾਸ-ਵਿਅੰਗ ਦੀਆਂ ਕਈ ਪੁਸਤਕਾਂ ਦਾ ਲੇਖਕ ਹੈ। ਉਸ ਦੇ ਹੁਣ ਤੱਕ ਤਿੰਨ ਕਹਾਣੀ-ਸੰਗ੍ਰਹਿ, ਦੋ ਨਾਵਲ ਅਤੇ ਵਿਅੰਗਮਈ ਪੁਸਤਕ 'ਘੱਬਲੀਆਂ' ਛਪ ਚੁੱਕੇ ਹਨ। ਉਸ ਦਾ ਨਾਵਲ 'ਕਿਟੀ ਮਾਰਸ਼ਲ' ਜੋ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਿਲੇਬਸ ਦਾ ਹਿੱਸਾ ਬਣਿਆ ਰਿਹਾ ਹੈ ਅਤੇ ਪਿਛਲੇ ਸਾਲ ਛਪਿਆ ਨਾਵਲ 'ਮਾਂ ਦਾ ਘਰ' ਰੋਮਾਨੀਆ ਤੇ ਯੋਗੋਸਲਾਵੀਆ ਵਿਚ ਔਰਤਾਂ ਉੱਪਰ ਹੋਏ ਜ਼ੁਲਮ ਦੀ ਤਸਵੀਰ ਬਾਖ਼ੂਬੀ ਬਿਆਨਦਾ ਹੈ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਕੁਲਜੀਤ ਮਾਨ ਕੰਪਿਊਟਰ-ਕਲਾ ਵਿਚ ਵੀ ਪੂਰੀ ਮੁਹਾਰਤ ਰੱਖਦਾ ਹੈ ਅਤੇ ਇੰਟਰਨੈੱਟ ਤੇ ਫੇਸਬੁੱਕ ਉੱਪਰ ਆਪਣੀਆਂ ਵੈੱਬਸਾਈਟਾਂ 'ਪੰਜਾਬੀ ਸੰਵੇਦਨਾ', 'ਰੋਜ਼ਨਾਮਚਾ ਅਤੇ 'ਬੰਸਰੀ ਡੌਟ ਨੈੱਟ' ਉੱਪਰ ਸਮਾਜਿਕ, ਸਾਹਿਤਕ ਅਤੇ ਚਲੰਤ-ਮਾਮਲਿਆਂ ਬਾਰੇ ਬਹੁ-ਮੱਲੀ ਜਾਣਕਾਰੀ ਵਾਲੀ ਸਮੱਗਰੀ ਨਿਰੰਤਰ ਪਾ ਰਿਹਾ ਹੈ ਜੋ ਲੋਕਾਂ ਵੱਲੋਂ ਕਾਫ਼ੀ ਪਸੰਦ ਕੀਤੀ ਜਾ ਰਹੀ ਹੈ।

ਤੀਰਥ ਦਿਓਲ, ਪਰਮਜੀਤ ਦਿਓਲ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਕੁਲਜੀਤ ਮਾਨ ਤੇ ਉਸ ਦੀ ਸੁਪਤਨੀ ਸਰਬਜੀਤ ਮਾਨ ਦੇ ਕੀਤੇ ਗਏ ਇਸ ਮਾਣ-ਸਨਮਾਨ ਵਿਚ 1100 ਡਾਲਰ ਦਾ ਨਕਦ ਇਨਾਮ, ਸ਼ਾਲ ਅਤੇ ਸਨਮਾਨ-ਚਿੰਨ੍ਹ ਭੇਂਟ ਕੀਤੇ ਗਏ। ਇਸ ਮੌਕੇ ਸਮਾਗ਼ਮ ਵਿਚ ਮੌਜੂਦ ਅਦੀਬਾਂ ਤੇ ਸਾਹਿਤ-ਪ੍ਰੇਮੀਆਂ ਵੱਲੋਂ ਕੁਲਜੀਤ ਮਾਨ ਨੂੰ ਇਸ ਐਵਾਰਡ ਦੇ ਮਿਲਣ 'ਤੇ ਹਾਰਦਿਕ ਮੁਬਾਰਕਾਂ ਦਿੱਤੀਆਂ ਗਈਆਂ। ਚੱਲ ਰਹੇ ਸਮਾਗ਼ਮ ਦੌਰਾਨ ਕਹਾਣੀਕਾਰਾ ਮਿੰਨੀ ਗਰੇਵਾਲ ਨੂੰ ਵੀ ਉਸ ਦੇ ਪੰਜਾਬੀ ਸਾਹਿਤ ਵਿਚ ਪਾਏ ਗਏ ਯੋਗਦਾਨ ਨੂੰ ਮੁੱਖ ਰੱਖਦਿਆਂ ਹੋਇਆਂ ਸਨਮਾਨਿਤ ਕੀਤਾ ਗਿਆ। ਮਿੰਨੀ ਗਰੇਵਾਲ ਬਾਰੇ ਜਾਣਕਾਰੀ ਦਿੰਦਿਆਂ ਹੋਇਆਂ ਬਰੈਂਪਟਨ ਵਿਚ ਸਰਗ਼ਰਮ ਔਰਤਾਂ ਦੀ ਸੰਸਥਾ 'ਦਿਸ਼ਾ' ਦੀ ਚੇਅਰਪਰਸਨ ਡਾ. ਕੰਵਲਜੀਤ ਢਿੱਲੋਂ ਨੇ ਕਿਹਾ ਕਿ ਮਿੰਨੀ ਗਰੇਵਾਲ ਨੇ ਆਪਣੀਆਂ ਕਹਾਣੀਆਂ ਵਿਚ ਔਰਤਾਂ ਦੇ ਦਰਦ ਤੇ ਉਨ੍ਹਾਂ ਦੀਆਂ ਸਮੱਸਿਆਂ ਨੂੰ ਬਾਖ਼ੂਬੀ ਉਜਾਗਰ ਕੀਤਾ ਹੈ। ਉਹ ਅਗਾਂਹ-ਵਧੂ ਵਿਚਾਰਾਂ ਦੀ ਮਾਲਕ ਹੈ ਅਤੇ ਸੱਠਵਿਆਂ ਤੇ ਸੱਤਰਵਿਆਂ ਵਿਚ ਭਾਰਤ ਵਿਚ ਪ੍ਰਚੱਲਤ ਮੈਗ਼ਜ਼ੀਨ 'ਸੋਵੀਅਤ ਲੈਂਡ' ਤੇ 'ਸੋਵੀਅਤ ਦੇਸ਼' ਦੀ ਸੰਪਾਦਕ ਰਹੀ ਹੈ। ਇੱਥੇ ਕੈਨੇਡਾ ਆ ਕੇ ਵੀ ਕਹਾਣੀਆਂ ਲਿਖਣ ਦੇ ਨਾਲ ਨਾਲ ਉਸ ਨੇ ਇੱਥੋਂ ਦੇ ਅੰਗਰੇਜ਼ੀ ਦੇ ਪ੍ਰਸਿੱਧ ਅਖ਼ਬਾਰ 'ਟੋਰਾਂਟੋ ਸੰਨ' ਵਿਚ ਵੀ ਸੰਪਾਦਕੀ ਦਾ ਕੰਮ ਬਾਖ਼ੂਬੀ ਕੀਤਾ ਹੈ।

ਇਸ ਤੋਂ ਪਹਿਲਾਂ ਪ੍ਰੋਗਰਾਮ ਦੀ ਸ਼ੁਰੂਆਤ ਸ਼ਿਵਰਾਜ ਸੰਨੀ ਅਤੇ ਰਿੰਟੂ ਭਾਟੀਆ ਵੱਲੋਂ ਗਾਈਆਂ ਗਈਆਂ ਖ਼ੂਬਸੂਰਤ ਗ਼ਜ਼ਲਾਂ ਨਾਲ ਕੀਤੀ ਗਈ ਅਤੇ ਚੱਲ ਰਹੇ ਸਮਾਗ਼ਮ ਦੌਰਾਨ ਇਕਬਾਲ ਬਰਾੜ, ਸੁਖਦੇਵ ਸੁੱਖ ਅਤੇ ਕਲਾਸੀਕਲ ਗਾਇਕ ਮੱਘਰ ਅਲੀ ਨੇ ਆਪੋ ਆਪਣੇ ਅੰਦਾਜ਼ ਵਿਚ ਗ਼ਜ਼ਲਾਂ ਤੇ ਗੀਤ ਸੁਣਾਏ। ਅਮਰੀਕਾ ਤੋਂ ਆਏ ਗ਼ਜ਼ਲਗੋ ਰਰਜਿੰਦਰ ਜਿੰਦ ਨੇ ਵੀ ਆਪਣੀਆਂ ਗ਼ਜਲਾਂ ਸੁਣਾ ਕੇ ਸਰੋਤਿਆਂ ਤੋਂ ਭਰਪੂਰ ਤਾੜੀਆਂ ਵਾਹ-ਵਾਹ ਖੱਟੀ। ਪ੍ਰੋਗਰਾਮ ਦੇ ਅਖ਼ੀਰ ਵੱਲ ਵੱਧਦਿਆਂ ਅੰਮ੍ਰਿਤਸਰ ਤੋਂ ਛਪਦੇ ਤਿਮਾਹੀ ਮੈਗ਼ਜ਼ੀਨ 'ਅੱਖਰ' ਦਾ ਜੁਲਾਈ ਤੋਂ ਸਤੰਬਰ ਅੰਕ ਲੋਕ-ਅਰਪਿਤ ਕੀਤਾ ਗਿਆ। ਇਸ ਰਿਸਾਲੇ ਦੀਆਂ ਕੁਝ ਕਾਪੀਆਂ ਬੀਤੇ ਦਿਨੀਂ ਪੰਜਾਬ ਤੋਂ ਆਏ ਮਲਵਿੰਦਰ ਸ਼ਾਇਰ ਵੱਲੋਂ ਇੱਥੇ ਆਪਣੇ ਨਾਲ ਲਿਆਂਦੀਆਂ ਗਈਆਂ ਸਨ। ਸਮਾਗ਼ਮ ਦੌਰਾਨ ਸਿਟੀ ਕਾਊਂਸਲਰ ਹਰਕੀਰਤ ਸਿੰਘ ਅਤੇ ਬਰੈਂਪਟਨ ਈਸਟ ਤੋਂ ਐੱਨ.ਡੀ.ਪੀ. ਦੇ ਐੱਮ.ਪੀ.ਪੀ.ਪੀ. ਨੇ ਵੀ ਕੁਝ ਸਮੇਂ ਲਈ ਆਪਣੀਆਂ ਹਾਜ਼ਰੀਆਂ ਲਵਾਈਆਂ।

## 'ਅੱਖਰ' ਦਾ ਜੁਲਾਈ ਤੋਂ ਸਤੰਬਰ ਅੰਕ ਲੋਕ-ਅਰਪਿਤ




ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 8 ਸਤੰਬਰ 'ਅਸੀਸ ਮੰਚ' ਵੱਲੋਂ ਕਰਵਾਏ ਗਏ ਪ੍ਰਭਾਵਸ਼ਾਲੀ ਸਮਾਗ਼ਮ ਉੱਘੇ ਕਹਾਣੀਕਾਰ ਕੁਲਜੀਤ ਮਾਨ ਦੇ ਪੰਜਾਬੀ ਸਾਹਿਤ ਵਿਚ ਪਾਏ ਗਏ ਵੱਡਮੁੱਲੇ ਯੋਗਦਾਨ ਨੂੰ ਮੁੱਖ ਰੱਖਦਿਆਂ ਹੋਇਆਂ ਉਸ ਨੂੰ 1100 ਡਾਲਰ ਦੇ ਨਕਦ ਇਨਾਮ, ਸ਼ਾਲ ਅਤੇ ਸਨਮਾਨ-ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ।

ਸਮਾਗ਼ਮ ਦੇ ਦੌਰਾਨ ਅੰਮ੍ਰਿਤਸਰ ਤੋਂ ਛਪਦੇ ਤਿਮਾਹੀ ਮੈਗ਼ਜ਼ੀਨ 'ਅੱਖਰ' ਜਿਸ ਦੇ ਬਾਨੀ-ਸੰਪਾਦਕ ਉੱਘੇ ਕਵੀ ਪ੍ਰਮਿੰਦਰਜੀਤ ਹਨ, ਦਾ ਜੁਲਾਈ ਤੋਂ ਸਤੰਬਰ 2019 ਅੰਕ ਲੋਕ-ਅਰਪਿਤ ਕੀਤਾ ਗਿਆ। ਇਸ ਰਿਸਾਲੇ ਦੀਆਂ ਕੁਝ ਕਾਪੀਆਂ ਬੀਤੇ ਦਿਨੀਂ ਪੰਜਾਬ ਤੋਂ ਆਏ ਮਲਵਿੰਦਰ ਸ਼ਾਇਰ 'ਛੱਜਲਵੱਡੀ' ਵੱਲੋਂ ਇੱਥੇ ਆਪਣੇ ਨਾਲ ਲਿਆਂਦੀਆਂ ਗਈਆਂ ਸਨ। ਉਨ੍ਹਾਂ ਦੇ ਇਸ ਉੱਦਮ ਸਦਕਾ ਹੀ ਇਹ ਅੰਕ ਇਸ ਸਮਾਗ਼ਮ ਵਿਚ ਹਾਜ਼ਰ ਪਤਵੰਤੇ ਲੇਖਕਾਂ ਅਤੇ ਸਾਹਿਤ-ਪ੍ਰੇਮੀਆਂ ਦੀ ਹਾਜ਼ਰੀ ਵਿਚ ਰੀਲੀਜ਼ ਕੀਤਾ ਗਿਆ। ਇਸ ਸ਼ੁਭ ਮੌਕੇ ਕੁਲਜੀਤ ਮਾਨ ਤੋਂ ਇਲਾਵਾ ਤੀਰਥ ਦਿਓਲ, ਇੰਦਰਜੀਤ ਸਿੰਘ ਬੱਲ, ਮਲਵਿੰਦਰ ਸ਼ਾਇਰ, ਭੁਪਿੰਦਰ ਦੁਲੇ, ਸੁਖਦੇਵ ਸਿੰਘ ਝੰਡ, ਕੁਲਵਿੰਦਰ ਖਹਿਰਾ, ਇਕਬਾਲ ਬਰਾੜ, ਡਾ. ਕੰਵਲਜੀਤ ਢਿੱਲੋਂ, ਪਰਮਜੀਤ ਦਿਓਲ, ਰਿੰਟੂ ਭਾਟੀਆ, ਰਾਜ ਘੁੰਮਣ ਵੀ ਹਾਜ਼ਰ ਸਨ।

# ਦੂਜੀ 'ਰੱਨ ਫ਼ਾਰ ਡਾਇਬੇਟੀਜ਼' 15 ਸਤੰਬਰ ਨੂੰ






ਬਰੈਂਪਟਨ, (ਡਾ. ਝੰਡ) -ਪ੍ਰਾਪਤ ਸੂਚਨਾ ਅਨੁਸਾਰ 'ਯੂਥ ਫ਼ਾਰ ਕਮਿਊਨਿਟੀ' ਸੰਸਥਾ ਵੱਲੋਂ ਇਸ ਸਾਲ ਦੂਸਰੀ 'ਰੱਨ ਫ਼ਾਰ ਡਾਇਬੇਟੀਜ਼' 15 ਸਤੰਬਰ ਦਿਨ ਐਤਵਾਰ ਨੂੰ ਚਿੰਗੁਆਕੂਜ਼ੀ ਪਾਰਕ ਵਿਖੇ ਕਰਵਾਈ ਜਾ ਰਹੀ ਹੈ। ਇਸ ਕਮਿਊਨਿਟੀ ਈਵੈਂਟ ਵਿਚ ਲੋਕਾਂ ਨੂੰ ਸ਼ੂਗਰ ਦੀ ਬੀਮਾਰੀ ਦੇ ਖ਼ਤਰਿਆਂ ਬਾਰੇ ਜਾਗਰੂਕ ਕੀਤਾ ਜਾਏਗਾ ਅਤੇ 'ਡਾਇਬੇਟੀਜ਼ ਕੈਨੇਡਾ' ਅਤੇ ਡਾਇਬੇਟੀਜ਼ ਟਾਈਪ-1 ਨਾਲ ਜੂਝ ਰਹੇ ਬੱਚਿਆਂ ਤੇ ਪਰਿਵਾਰਾਂ ਲਈ ਫ਼ੰਡ ਇਕੱਤਰ ਕੀਤਾ ਜਾਏਗਾ। ਪਾਰਕ ਦੇ ਸ਼ੈੱਲਟਨ ਨੰ: 3 ਦੇ ਨੇੜੇ ਆਯੋਜਿਤ ਕੀਤੇ ਜਾ ਰਹੇ ਇਸ ਈਵੈਂਟ ਵਿਚ ਸਵੇਰੇ 10.00 ਵਜੇ ਤੋਂ ਬਾਅਦ ਦੁਪਹਿਰ 1.00 ਵਜੇ ਤੱਕ 4 ਕਿਲੋਮੀਟਰ ਅਤੇ 2 ਕਿਲੋਮੀਟਰ ਦੌੜਾਂ ਅਤੇ ਵਾੱਕ ਕਰਵਾਈਆਂ ਜਾਣਗੀਆਂ। ਇਨ੍ਹਾਂ ਦੋਹਾਂ ਦੌੜਾਂ ਅਤੇ ਵਾੱਕ ਲਈ ਰਜਿਸਟ੍ਰੇਸ਼ਨ ਸਵੇਰੇ 8.30 ਵਜੇ ਤੋਂ 9.00 ਵਜੇ ਤੱਕ ਹੋਵੇਗੀ। ਇਕ ਵਿਅੱਕਤੀ ਲਈ ਰਜਿਸਟ੍ਰੇਸ਼ਨ ਫ਼ੀਸ 20 ਡਾਲਰ ਹੈ ਅਤੇ ਚਾਰ ਮੈਂਬਰਾਂ ਦੇ ਗਰੁੱਪ ਲਈ ਇਹ 70 ਡਾਲਰ ਹੈ।

ਪਾਠਕਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਪਿਛਲੇ ਸਾਲ 2018 ਵਿਚ ਏਸੇ ਮਹੀਨੇ ਯੂਥ ਫ਼ਾਰ ਡਾਇਬੇਟੀਜ਼ ਵੱਲੋਂ ਪਹਿਲੀ ਵਾਰ ਆਯੋਜਿਤ ਕੀਤੇ ਗਏ ਈਵੈਂਟ ਵਿਚ ਸੈਂਕੜੇ ਲੋਕਾਂ ਨੇ ਭਾਗ ਲਿਆ ਸੀ ਅਤੇ ਇਸ ਦੌਰਾਨ 8,000 ਡਾਲਰ ਦਾ ਫ਼ੰਡ ਇਕੱਠਾ ਹੋਇਆ ਸੀ ਜਿਸ ਨੂੰ 'ਡਾਇਬੇਟੀਜ਼ ਕੈਨੇਡਾ ਡੀ-ਕੈਂਪ' ਨੂੰ ਭੇਜਿਆ ਗਿਆ ਸੀ ਅਤੇ ਇਸ ਦੀ ਬਰੈਂਪਟਨ ਦੀਆਂ ਸਮੂਹ ਕਮਿਊਨਿਟੀਆਂ ਵੱਲੋਂ ਭਾਰੀ ਸ਼ਲਾਘਾ ਹੋਈ ਸੀ। ਇਸ ਵਾਰ ਵੀ ਸਾਰਿਆਂ ਨੂੰ ਪਰਿਵਾਰ ਸਮੇਤ ਇਸ ਈਵੈਂਟ ਵਿਚ ਭਾਗ ਲੈਣ ਲਈ ਬੇਨਤੀ ਕੀਤੀ ਜਾਂਦੀ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਲਈ ਯੂਥ ਫ਼ਾਰ ਕਮਿਊਨਿਟੀ ਦੀ ਵੈੱਬਸਾਈਟ www.youth4community.ca 'ਤੇ ਜਾ ਕੇ ਜਾਂ 1-647-990-1460 'ਤੇ ਕਾਲ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

## ਖਾਲਸਾ ਕਮਿਊਨਿਟੀ ਸਕੂਲ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ







30 ਅਗਸਤ ਦਿਨ ਸ਼ੁੱਕਰਵਾਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ ਮਨਾਉਂਦੇ ਹੋਏ ਵਿਦਿਆਰਥੀਆਂ, ਮਾਪਿਆਂ ਅਤੇ ਸਟਾਫ ਨੇ ਸਕੂਲ ਦੀ ਬਿਲਡਿੰਗ ਦੇ ਆਲੇ ਦੁਆਲੇ ਨਗਰ ਕੀਰਤਨ ਵਿੱਚ ਭਾਗ ਲਿਆ ਜਿਸ ਦੀ ਅਗਵਾਈ ਸਕੂਲ ਬੈਂਡ ਅਤੇ ਪੰਜ ਨਿਸ਼ਾਨਚੀਆਂ ਨੇ ਕੀਤੀ। ਗੁਰੂ ਗ੍ਰੰਥ ਸਾਹਿਬ ਜੀ ਦੇ ਚੌਰ ਸਾਹਿਬ ਅਤੇ ਛਤਰ ਦੀ ਸੇਵਾ ਵਿਦਿਆਰਥੀਆਂ ਵਲੋਂ ਨਿਭਾਈ ਗਈ। ਸਾਰੀਆਂ ਕਲਾਸਾਂ ਵਿੱਚ ਵਿਦਿਆਰਥੀਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਜਾਣਕਾਰੀ ਦਿੱਤੀ ਗਈ। 1995 ਤੋਂ ਚੱਲ ਰਹੇ ਖਾਲਸਾ ਕਮਿਊਨਿਟੀ ਸਕੂਲ ਬਰੈਂਪਟਨ (69 ਮੇਟਲੈਂਡ ਸਟਰੀਟ) ਦਾ ਪੱਚੀਵਾਂ ਸੈਸ਼ਨ 19 ਅਗਸਤ ਦਿਨ ਸੋਮਵਾਰ ਨੂੰ ਉਤਸ਼ਾਹ ਪੂਰਵਕ ਸ਼ੁਰੂ ਹੋਇਆ। ਸਕੂਲ ਵਿੱਚ ਵਧੀਆ ਜਿਮਨੇਜੀਅਮ, ਬਾਸਕਟਬਾਲ ਕੋਰਟ, ਮਿੰਨੀ ਸੌਕਰ ਫੀਲਡ, ਖੁੱਲ੍ਹੇ ਕਲਾਸਾਂ ਦੇ ਕਮਰੇ ਅਤੇ ਹਰ ਕਲਾਸ ਵਿੱਚ ਸਮਾਰਟ ਬੋਰਡ ਹਨ। ਵਿਦਿਆਰਥੀਆਂ ਨੇ ਆਪ ਕੀਰਤਨ, ਅਰਦਾਸ ਅਤੇ ਹੁਕਮਨਾਮਾ ਦੀਆਂ ਸੇਵਾਵਾਂ ਨਿਭਾਉਂਦੇ ਹੋਏ ਨਵੇਂ ਸੈਸ਼ਨ ਦੀ ਸ਼ੁਰੂਆਤ ਕੀਤੀ।

ਪਿਛਲੇ 4 ਸਾਲਾਂ ਤੋ ਗ੍ਰੇਡ 6 ਤੋਂ ਗ੍ਰੇਡ 10 ਤੱਕ ਦੇ ਵਿਦਿਆਰਥੀਆਂ ਲਈ ਆਈ ਬੀ ਪ੍ਰੋਗਰਾਮ ਬਹੁਤ ਵਧੀਆ ਚੱਲ ਰਿਹਾ ਹੈ। ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ 21ਵੀਂ ਸਦੀ ਦੀਆਂ ਜਰੂਰੀ ਨਿਪੁੰਨਤਾਵਾਂ, ਗੱਲ-ਬਾਤ ਦਾ ਤਰੀਕਾ, ਵਿਸ਼ਲੇਸ਼ਣ, ਡੂੰਘੀ ਸੋਚ, ਆਪਸੀ ਮਿਲਵਰਤਨ, ਸੇਵਾ, ਸਤਿਕਾਰ, ਦਿਆਲਤਾ ਅਤੇ ਨੈਤਿਕ ਕਦਰਾਂ-ਕੀਮਤਾਂ ਸਮਝਣ ਲਈ ਤਿਆਰ ਕਰਦਾ ਹੈ। ਇਸ ਦੇ ਨਾਲ ਹੀ ਸਕੂਲ ਚੁਣੌਤੀ ਭਰਪੂਰ ਅਤੇ ਉੱਚ ਪੱਧਰ ਦੀ ਅੰਤਰ-ਰਾਸ਼ਟਰੀ ਸਿੱਖਿਆ ਦੇਣ ਲਈ ਵਚਨਬੱਧ ਹੈ ਜੋ ਕਿ ਸਕੂਲ ਦਾ ਵਿਸ਼ਵਾਸ਼ ਹੈ ਕਿ ਵਿਦਿਆਰਥੀਆਂ ਲਈ ਬਹੁਤ ਮਹੱਤਵਪੂਰਨ ਹੈ।

ਸਕੂਲ ਦੀਆਂ 28 ਬੱਸਾਂ ਜਿਹੜੀਆਂ ਕਿ ਵਿਦਿਆਰਥੀਆਂ ਨੂੰ ਬਰੈਂਪਟਨ, ਮਿਸੀਸਾਗਾ, ਰੈਕਸਡੇਲ, ਈਟੋਬੀਕੋ, ਕੈਸਲਮੋਰ, ਕੈਲੇਡਨ, ਮਿਲਟਨ, ਲੇਕਸ਼ੋਰ ਅਤੇ ਜੌਰਜਟਾਊਨ ਤੋਂ ਸਵੇਰ-ਸ਼ਾਮ ਸੇਵਾਵਾਂ ਪ੍ਰਦਾਨ ਕਰਦੀਆਂ ਹਨ। ਖਾਲਸਾ ਕਮਿਉਨਿਟੀ ਸਕੂਲ ਬਰੈਂਪਟਨ ਵਿਖੇ ਵਿਦਿਆਰਥੀਆਂ ਨੂੰ ਓਨਟੈਰੀਓ ਦੇ ਵਿੱਦਿਅਕ ਕਰੀਕੁਲਮ ਦੇ ਨਾਲ-ਨਾਲ ਪੰਜਾਬੀ, ਗੁਰਮਤ ਅਤੇ ਕੀਰਤਨ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

ਬੱਚਿਆਂ ਦੇ ਸਰਬ-ਪੱਖੀ ਵਿਕਾਸ ਲਈ ਸਾਰਾ ਸਾਲ ਵੱਖ-ਵੱਖ ਕਿਸਮ ਦੇ ਫੀਲਡ ਟਰਿੱਪਸ, ਵਾਧੂ ਕਿਰਿਆਵਾਂ, ਡਰਾਮਾ, ਮਿਊਜ਼ਿਕ, ਪਬਲਿਕ ਸਪੀਕਿੰਗ, ਟੈਲੈਂਟ ਸ਼ੋ, ਸਕੇਟਿੰਗ, ਸਕੀਂਗ ਅਤੇ ਜਿਮਨਾਸਟਿਕ ਦੇ ਪ੍ਰੋਗਰਾਮ ਉਲੀਕੇ ਜਾਂਦੇ ਹਨ। ਜੇ ਕੇ ਅਤੇ ਐੱਸ ਕੇ ਫੁੱਲ ਡੇ ਪ੍ਰੋਗਰਾਮ ਹਨ। ਸਾਰੇ ਵਿਦਿਅਕ ਪ੍ਰੋਗਰਾਮ ਟੈਕਨੋਲੋਜੀ ਤੇ ਅਧਾਰਤ ਹਨ। ਜਿਹੜੇ ਵਿਦਿਆਰਥੀ ਖਾਲਸਾ ਕਮਿਉਨਿਟੀ ਸਕੂਲ ਤੋਂ ਗ੍ਰੈਜੂਏਟ ਹੋ ਕੇ ਜਾਂਦੇ ਹਨ, ਉਨ੍ਹਾਂ ਲਈ ਹਾਈ ਸਕੂਲ ਵਿੱਚ ਕਰੈਡਿਟ ਲੈਣੇ ਬਹੁਤ ਸੌਖੇ ਹੁੰਦੇ ਹਨ। ਸਾਡੇ ਸਕੂਲ ਦੇ ਮੁਢਲੇ ਪ੍ਰੋਗਰਾਮ ਵੀ ਉੱਚ ਪੱਧਰ ਦੇ ਹੁੰਦੇ ਹਨ ਕਿਉਂਕਿ ਬੱਚਿਆਂ ਦੇ ਸਰਬ ਪੱਖੀ ਵਿਕਾਸ ਲਈ ਉਨ੍ਹਾਂ ਵਿੱਚ ਵਿਅਕਤੀਗਤ ਅਤੇ ਸਮਾਜਕ ਕਦਰਾਂ ਕੀਮਤਾਂ ਦੇ ਨਾਲ-ਨਾਲ ਧਾਰਮਿਕ ਸੰਸਕਾਰ ਵੀ ਦਿੱਤੇ ਜਾਂਦੇ ਹਨ।

# ਸਵੀਮਿੰਗ ਦੌਰਾਨ ਬਿਮਾਰੀਆਂ ਵੀ ਹੋ ਸਕਦੀਆਂ ਹਨ



ਨਵੀਂ ਦਿੱਲੀ, 3 ਸਤੰਬਰ (ਪੋਸਟ ਬਿਊਰੋ)- ਸਵੀਮਿੰਗ ਕਰਨਾ ਇੱਕ ਬਿਹਤਰੀਨ ਕਸਰਤ ਹੈ। ਇਸ ਨਾਲ ਕੈਲੋਰੀ ਬਰਨ ਹੁੰਦੀ ਹੈ ਅਤੇ ਵੇਟ ਲਾਸ ਵਿੱਚ ਹੀ ਮਦਦ ਨਹੀਂ ਮਿਲਦੀ, ਮਸਲਜ਼ ਵਿੱਚ ਹੋਣ ਵਾਲੀ ਮੂਵਮੈਂਟ ਨਾਲ ਹਾਰਟ ਨੂੰ ਹੈਲਦੀ ਰੱਖਣ ਵਿੱਚ ਮਦਦ ਮਿਲਦੀ ਹੈ। ਇਸ ਦੇ ਬਾਵਜੂਦ ਸਵੀਮਿੰਗ ਕਰਨ ਤੋਂ ਪਹਿਲਾਂ ਕੁਝ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ, ਨਹੀਂ ਤਾਂ ਤੁਸੀਂ ਬਿਮਾਰੀਆਂ ਦੇ ਸ਼ਿਕਾਰ ਹੋ ਸਕਦੇ ਹੋ।

ਸਭ ਤੋਂ ਪਹਿਲਾਂ ਇਹ ਨਿਸ਼ਚਿਤ ਕਰ ਲਓ ਕਿ ਪਾਣੀ ਸਾਫ ਹੋਣਾ ਚਾਹੀਦਾ ਹੈ, ਜਿੱਥੇ ਤੁਸੀਂ ਸਵੀਮਿੰਗ ਕਰਨੀ ਹੈ। ਇਹੀ ਤਸੱਲੀ ਬਖਸ਼ ਨਹੀਂ ਹੈ ਕਿ ਕੈਲੋਰੀਨ ਵਾਲਾ ਪਾਣੀ ਨਾਲ ਭਰਿਆ ਪੂਲ ਬਿਲਕੁਲ ਕੀਟਾਣੂ ਮੁਕਤ ਹੈ। ਹਾਟ ਵਾਟਰ ਵਾਲਾ ਪੂਲ ਤੁਹਾਡੀ ਸਟ੍ਰੈਸ ਨੂੰ ਘੱਟ ਕਰਨ ਦਾ ਸਭ ਤੋਂ ਚੰਗਾ ਤਰੀਕਾ ਹੈ, ਇਸ ਵਿੱਚ ਸ਼ੱਕ ਨਹੀਂ ਹੈ, ਪਰ ਗਰਮ ਪੂਲ ਤੇ ਗਰਮ ਝਰਨੇ ਵਿੱਚ ਕੁਝ ਕੀਟਾਣੂ ਮੌਜੂਦ ਹੁੰਦੇ ਹਨ, ਜੋ ਚਮੜੀ ਦੇ ਨਾਲ ਰਿਐਕਟ ਕਰਨ 'ਤੇ ਖਾਰਿਸ਼ ਜਾਂ ਚਮੜੀ ਤੇ ਦਾਣੇ ਪੈਦਾ ਕਰ ਸਕਦੇ ਹਨ। ਇਹ ਕੀਟਾਣੂ ਉਚ ਤਾਪਮਾਨ ਵਿੱਚ ਆਉਣ ਨਾਲ ਵੱਧ ਗਰਮ ਹੋ ਜਾਂਦੇ ਹਨ। ਜਦੋਂ ਸਵੀਮਿੰਗ ਕਰਦੇ ਹਾਂ ਤਾਂ ਸਾਡੇ ਕੰਨ ਤੇ ਨੱਕ ਵਿੱਚ ਪਾਣੀ ਚਲਾ ਜਾਂਦਾ ਹੈ, ਪਰ ਕਈ ਵਾਰ ਪਾਣੀ ਜ਼ਿਆਦਾ ਚਲਾ ਜਾਂਦਾ ਹੈ, ਜਿਸ ਨਾਲ ਬੈਕਟੀਰੀਆ ਅਤੇ ਫੰਗਸ ਨਿਫੈਕਸ਼ਨ ਪੈਦਾ ਹੋ ਸਕਦੀ ਹੈ। ਨਾਲ ਹੀ ਕੰਨ ਵਿੱਚ ਦਰਦ ਦੀ ਸਮੱਸਿਆ ਵੀ ਹੋ ਸਕਦੀ ਹੈ। ਆਮ ਤੌਰ 'ਤੇ ਬੱਚਿਆਂ ਵਿੱਚ ਇਹ ਸਮੱਸਿਆ ਜ਼ਿਆਦਾ ਹੁੰਦੀ ਹੈ।

ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਜ਼ਰੂਰਤ ਤੋਂ ਜ਼ਿਆਦਾ ਸਵੀਮਿੰਗ ਕਰਨ ਨਾਲ ਡਾਇਰੀਆ ਦੀ ਸਮੱਸਿਆ ਹੋ ਸਕਦੀ ਹੈ। ਸਵੀਮਿੰਗ ਪੂਲ ਦੇ ਦੂਸ਼ਿਤ ਪਾਣੀ ਵਿੱਚ ਨਹਾਉਣ ਨਾਲ ਇਨਫੈਕਸ਼ਨ ਹੋਣ ਦਾ ਡਰ ਹੁੰਦਾ ਹੈ। ਇਸ ਲਈ ਪੂਲ ਦੇ ਪਾਣੀ ਨੂੰ ਮੂੰਹ ਦੇ ਅੰਦਰ ਨਾ ਜਾਣ ਦਿਓ। ਜੇ ਸਵੀਮਿੰਗ ਪੂਲ ਥੋੜ੍ਹਾ ਜਿੰਨਾ ਵੀ ਦੂਸ਼ਿਤ ਹੈ ਤਾਂ ਲੋਏਨੇਲਾ ਜਿਹੇ ਕੁਝ ਜਰਮਸ ਇਕੱਠੇ ਹੋ ਜਾਂਦੇ ਹਨ, ਜਿਸ ਨਾਲ ਸਾਹ ਦੀ ਬਿਮਾਰੀ ਤੁਹਾਨੂੰ ਘੇਰ ਸਕਦੀ ਹੈ। 50 ਸਾਲ ਦੀ ਉਮਰ ਜਾਂ ਉਸ ਤੋਂ ਵੱਧ ਲੋਕਾਂ ਤੇ ਛੋਟੇ ਬੱਚਿਆਂ ਨੂੰ ਇਹ ਜਰਮਸ ਆਸਾਨੀ ਨਾਲ ਜਕੜ ਲੈਂਦੇ ਹਨ। ਇਸ ਲਈ ਖਾਸ ਧਿਆਨ ਰੱਖੋ।

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage Independently Owned and Operated

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

# ਪਛਤਾਵਾ

-ਹਰਜੀਤ ਦਿਓਲ ਬਰੈਂਪਟਨ

ਜਿੰਦਗੀ ਵਿੱਚ ਕੁਝ ਘਟਨਾਵਾਂ ਮਨ ’ਤੇ ਡੂੰਘੀ ਪੀੜਾ ਦੀ ਛਾਪ ਛੱਡ ਜਾਂਦੀਆਂ ਹਨ ਜਿਨ੍ਹਾਂ ਵਿੱਚੋਂ ਹੀ ਇਹ ਇੱਕ ਬਹੁਤ ਪੁਰਾਣੀ ਘਟਨਾ ਹੈ ਪਰ ਉਸ ਦੇ ਕਾਰਣ ਮਨ ’ਤੇ ਪਿਆ ਬੋਝ ਅੱਜ ਵੀ ਮੈਨੂੰ ਬੇਚੈਨ ਕਰ ਜਾਂਦਾ ਹੈ। ਓਹਨੀਂ ਦਿਨੀਂ ਮੈਂ ਬੀ ਏ ਫਾਈਨਲ ਦੇ ਪੇਪਰਾਂ ਦੀ ਤਿਆਰੀ ਕਰ ਰਿਹਾ ਸੀ। ਜਨਵਰੀ ਦਾ ਮਹੀਨਾ ਹੋਣ ਕਾਰਣ ਠੰਡ ਪੂਰੇ ਜੋਰਾਂ ’ਤੇ ਸੀ। ਆਪਣੇ ਕਮਰੇ ਵਿੱਚ ਮੈਂ ਇਕੱਲਾ ਦੇਰ ਰਾਤ ਤੱਕ ਪੜ੍ਹਾਈ ਕਰਦਾ ਤੇ ਫਿਰ ਦੁੱਧ ਦਾ ਗਿਲਾਸ ਪੀ ਸੌਂ ਜਾਂਦਾ। ਉਸ ਦਿਨ ਵੀ ਮੈਂ ਕੋਈ ਬਾਰਾਂ ਕੁ ਵਜੇ ਸੌਂ ਗਿਆ ਹੋਵਾਂਗਾ ਜਦ ਨੀਂਦ ਦੀ ਗਫਲਤ ਵਿੱਚ ਮੈਨੂੰ ਦਰਵਾਜੇ ਤੇ ਦਸਤਕ ਦੇ ਨਾਲ ਹੀ ਕਿਸੇ ਇਸਤਰੀ ਦੇ ਸਿਸਕਣ ਦੀਆ ਅਵਾਜਾਂ ਸੁਣਾਈ ਦਿੱਤੀਆ। ਮੇਰੇ ਕਮਰੇ ਦਾ ਇੱਕ ਦਰਵਾਜਾ ਬਾਹਰ ਸੜ੍ਹਕ ਵੱਲ ਵੀ ਖੁਲ੍ਹਦਾ ਸੀ ਤੇ ਇਸੇ ਦਰਵਾਜੇ ਨੂੰ ਰਹਿ ਰਹਿ ਕੇ ਕੋਈ ਹੌਲੀ ਜਿਹੇ ਖੜਕਾ ਰਿਹਾ ਸੀ। ਬੱਤੀ ਜਗਾ ਸਮਾਂ ਦੇਖਿਆ ਤਾਂ ਦੋ ਵੱਜ ਰਹੇ ਸਨ। ਕੁਝ ਚਿਰ ਦੁਵਿਧਾ ’ਚ ਰਿਹਾ ਕਿ ਦਰਵਾਜਾ ਖੋਲ੍ਹਾਂ ਕਿ ਨਾ, ਕਿਓਂਕਿ ਇਸ ਕਾਲੇ ਦੌਰ ਵਿਚ ਕੁਝ ਵੀ ਮਾੜਾ ਵਾਪਰ ਸਕਦਾ ਹੈ। ਸੋ ਬੱਤੀ ਬੁਝਾ ਸੌਣ ਦਾ ਯਤਨ ਕਰਨ ਲੱਗਾ ਪਰ ਨੀਂਦ ਦੀ ਥਾਂ ਉਤਸੁਕਤਾ ਹਾਵੀ ਹੋ ਗਈ। ਕੌਣ ਹੋ ਸਕਦੀ ਹੈ ਇਹ ਇਸਤਰੀ? ਹਿੰਮਤ ਕਰ ਉੱਠਿਆ ਤੇ ਬੱਤੀ ਜਗਾ ਦਰਵਾਜਾ ਖੋਲ੍ਹਣ ਦਾ ਮਨ ਬਣਾਇਆ। ਡਰਦੇ ਡਰਦੇ ਦਰਵਾਜਾ ਖੋਲ੍ਹਿਆ ਤਾਂ ਕਮਰੇ ਤੋਂ ਬਾਹਰ ਪੈਂਦੀ ਰੋਸ਼ਨੀ ਵਿੱਚ ਇੱਕ ਨੌਜਵਾਨ ਅਧਨੰਗੀ ਭਿਖਾਰਨ ਜਿਹੀ ਲਗਦੀ ਔਰਤ ਖੜ੍ਹੀ ਦੇਖੀ। ਓਹ ਠੰਡ ਨਾਲ ਕੰਬ ਰਹੀ ਸੀ ਤੇ ਲੱਗਾ ਓਹ ਕਮਰੇ ’ਚ ਵੜਨ ਦਾ ਯਤਨ ਕਰ ਰਹੀ ਹੈ ਸੋ ਮੈਂ ਯਕਦਮ ਉਸ ਨੂੰ ਬਾਹਰ ਨੂੰ ਧੱਕ ਕੇ ਫਿਰਤੋਂ ਦਰਵਾਜਾ ਬੰਦ ਕਰ ਦਿੱਤਾ ’ਤੇ ਬੱਤੀ ਬੁਝਾ ਲੰਮਾ ਪੈ ਗਿਆ। ਹੁਣ ਬਾਹਰ ਕੋਈ ਆਵਾਜ ਨਹੀਂ ਆ ਰਹੀ ਸੀ। ਸੋਚਿਆ ਆਹ ਮੈਂ ਠੀਕ ਕੀਤਾ ਕਿ ਗਲਤ? ਐਨੀ ਠੰਡ ਵਿੱਚ ਕੁਝ ਹੋਰ ਨਹੀਂ ਤਾਂ ਉਸ ਨੂੰ ਕੁਝ ਕੱਪੜੇ ਦੇ ਉਸ ਨੂੰ ਠੰਡ ਤੋਂ ਬਚਾਉਣ ਦਾ ਯਤਨ ਤਾਂ ਕਰ ਹੀ ਸਕਦਾ ਸੀ। ਪਰ ਮੈਂ ਡਰ ਕਿਓਂ ਗਿਆ ਸਾਂ। ਸ਼ਾਇਦ ਇਸ ਲਈ ਕਿ ਜੇਕਰ ਘਰ ਵਾਲੇ ਜਾਗ ਜਾਂਦੇ ਤਾਂ ਇੱਕ ਅਧਨੰਗੀ ਜਵਾਨ ਔਰਤ ਨੂੰ ਮੇਰੇ ਕਮਰੇ ਵਿੱਚ ਦੇਖ ਕੀ ਸੋਚਦੇ। ਪਰ ਇਹ ਤਾਂ ਮੇਰੇ ਮਨ ਦਾ ਚੋਰ ਸੀ। ਅਸਲੀਅਤ ਜਾਣ ਸ਼ਾਇਦ ਘਰਵਾਲੇ ਵੀ ਉਸ ਦੀ ਮਦਦ ਕਰਨ ਲਈ ਰਾਜੀ ਹੋ ਜਾਂਦੇ। ਕੁਝ ਸਮਾਂ ਦੁਚਿੱਤੀ ਵਿਚ ਗੁਜਾਰ ਮੈਂ ਦਰਵਾਜਾ ਖੋਲ੍ਹਣ ਫਿਰ ਉੱਠਿਆ। ਮੈਨੂੰ ਉਸ ਦੀ ਮਦਦ ਕਰਨੀ ਚਾਹੀਦੀ ਸੀ। ਦਰਵਾਜਾ ਮੁੜ ਖੋਲ੍ਹਿਆ ਤਾਂ ਔਰਤ ਉੱਥੇ ਨਹੀਂ ਸੀ। ਦੋ ਚਾਰ ਮਿੰਟ ਇੱਧਰ ਉਧਰ ਝਾਕ ਮੈਂ ਦਰਵਾਜਾ ਬੰਦ ਕਰ ਲੰਮਾ ਪੈ ਗਿਆ। ਬੜੀ ਦੇਰ ਤੱਕ ਨੀਂਦ ਨਹੀਂ ਆਈ। ਆਪਣੇ ਆਪ ਨੂੰ ਦੋਸ਼ੀ ਵੀ ਸਮਝਦਾ ’ਤੇ ਬੁਜ਼ਦਿਲ ਵੀ। ਅਗਲਾ ਦਿਨ ਵੀ ਬੜੀ ਨਮੋਸ਼ੀ ਅਤੇ ਬੇਚੈਨੀ ਜਿਹੀ ਵਿੱਚ ਬੀਤਿਆ। ਪਰ ਉਸ ਤੋਂ ਅਗਲੇ ਦਿਨ ਜੋ ਵਾਪਰਿਆ ਉਸ ਮੇਰੀ ਜਮੀਰ ਝੰਜੋੜ ਦਿੱਤੀ। ਮੈਂ ਆਪਣੇ ਆਪ ਨੂੰ ਇਨਸਾਨ ਕਹਾਉਣ ਦਾ ਵੀ ਹੱਕਦਾਰ ਨਾ ਰਿਹਾ। ਕੁਝ ਹੱਦ ਤੱਕ ਤਾਂ ਸੰਵੇਦਨਾ ਜਾਨਵਰਾਂ ਵਿੱਚ ਵੀ ਹੁੰਦੀ ਹੈ ’ਤੇ ਮੈਂ ਇੱਕ ਪੜ੍ਹਿਆ ਲਿਖਿਆ ਇਨਸਾਨ। ਦਰਅਸਲ ਅਗਲੇ ਦਿਨ ਦੇ ਅਖਬਾਰ ਵਿੱਚ ਰੇਲਵੇ ਸਟੇਸ਼ਨ ’ਤੇ ਬਰਾਮਦ ਹੋਈ ਇੱਕ ਭਿਖਾਰਨ ਦੀ ਲਾਸ਼ ਦੀ ਖਬਰ ਸੀ ਜੋ ਠੰਡ ਨਾਲ ਮਰ ਗਈ ਸੀ। ਠੰਡ ਦੇ ਇਸ ਮੌਸਮ ਵਿੱਚ ਸ਼ੀਤ ਲਹਿਰ ਨਾਲ ਮਰਨ ਵਾਲਿਆਂ ਦੇ ਅੰਕੜੇ ਵਿੱਚ ਇੱਕ ਹੋਰ ਦਾ ਵਾਧਾ ਹੋ ਗਿਆ ਸੀ ਪਰ ਇਹ ਵਾਧਾ ਸਦਾ ਲਈ ਮੇਰੀ ਜਮੀਰ ਨੂੰ ਜਖ਼ਮੀ ਕਰ ਗਿਆ ਸੀ। ਇਸ ਨੂੰ ਯਾਦ ਕਰ ਅੱਜ ਵੀ ਮਨ ਬੇਚੈਨ ਹੋ ਜਾਂਦਾ ਹੈ।

(ਇੱਕ ਮਿੱਤਰ ਦੀ ਆਪਬੀਤੀ ਦੇ ਅਧਾਰ ’ਤੇ)

# ਲਾਸਾਨੀ ਵਿਰਸਾ-ਗੁਰੂ ਗ੍ਰੰਥ ਸਾਹਿਬ

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ ਤੇ ਵਿਸ਼ੇਸ਼)

ਪ੍ਰਿੰਸੀਪਲ ਪਾਖਰ ਸਿੰਘ ਡਰੋਲੀ

ਵਿਸ਼ਵ ਦੇ ਸਮੂਹ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਿਆਂ ਇਹ ਗੱਲ ਸਾਡੇ ਸਨਮੁੱਖ ਉੱਭਰ ਕੇ ਆਉਂਦੀ ਹੈ ਕਿ ਯੁਗੋ ਯੁਗ ਅਟੱਲ ਸ੍ਰੀ ਗੁਰੂ ਗ੍ਰੰਥ ਨੂੰ ਅਧਿਆਤਮਕ ਖੇਤਰ ਵਿੱਚ ਸਿਰਮੌਰ ਸਥਾਨ ਪ੍ਰਾਪਤ ਹੈ।ਇਹ ਇੱਕ ਇਹੋ ਜਿਹਾ ਮਹਾਨਤਮ,ਮੁਤਬੱਰਕ ਤੇ ਸਰਬ ਸ਼੍ਰੇਸ਼ਟ ਵਿਲੱਖਣ ਗ੍ਰੰਥ ਹੈ,ਜੋ ਕੇਵਲ ਇੱਕ ਵਰਗ,ਇੱਕ ਦੇਸ਼ ਜਾਂ ਇੱਕ ਕੌਮ ਦੀ ਰਹਿਨੁਮਾਈ ਨਹੀਂ ਕਰਦਾ ਸਗੋਂ ਸਮੁੱਚੀ ਇਨਸਾਨੀਅਤ ਦਾ ਪੱਥ ਪ੍ਰਦਰਸ਼ਕ ਹੈ।ਪ੍ਰਮਾਨਿਕਤਾ ਦੇ ਪੱਖ ਤੋਂ ਇਸ ਵਿੱਚ ਵਿਲੱਖਣਤਾ ਹੈ ਕਿ ਇਸ ਦੀ ਰਚਨਾਂ ਗੁਰੂ ਸਾਹਿਬ ਨੇਂ ਖੁਦ ਆਪਣੇਂ ਜੀਵਨ ਕਾਲ ਦੌਰਾਨ ਕੀਤੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਇਹ ਇੱਕ ਅਹਿਮ ਗੱਲ ਹੈ ਕਿ ਇਸ ਵਿੱਚ ਗੁਰੂ ਸਾਹਿਬਾਨ ਦੀ ਆਪਣੀਂ ਬਾਣੀਂ ਹੀ ਸ਼ਾਮਿਲ ਨਹੀਂ ਸਗੋਂ ਬਾਣੀਂ ਸ਼ਾਮਿਲ ਕਰਨ ਸਮੇਂ ਦੂਰ ਦ੍ਰਿਸ਼ਟੀ ਦੇ ਮਾਲਕ ਸ਼੍ਰੀ ਗੁਰੂ ਅਰਜਨ ਦੇਵ ਜੀ ਨੇਂ ਕਿਸੇ ਬਾਣੀਕਾਰ ਦੀ ਜਾਤ,ਖਿੱਤਾ,ਕਿੱਤਾ,ਰੰਗ,ਨਸਲ ਜਾਂ ਬੋਲੀ ਨੂੰ ਦ੍ਰਿਸ਼ਟੀਗੋਚਰ ਨਹੀਂ ਰਖਿੱਆ ਸਗੋਂ ਗੁਰਮਤਿ ਫਲਸਫਾ ਤੇ ਮਾਨਵਤਾ ਦੇ ਕਲਿਆਣ ਨੂੰ ਮੁੱਖ ਰੱਖਕੇ ਬਾਣੀਂ ਦੀ ਚੋਣ ਕੀਤੀ।ਕਾਬਲੇ ਜਿਕਰ ਹੇ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 36 ਮਹਾਂ ਪੁਰਖਾਂ ਦੀ ਬਾਣੀਂ ਦਰਜ ਹੈ।ਇਹਨਾਂ ਬਾਣੀਕਾਰਾਂ ਦੀ ਬਾਣੀਂ ਗ੍ਰੰਥ ਸਾਹਿਬ ਵਿੱਚ ਦਰਜ ਕਰਕੇ ਗੁਰੂ ਸਾਹਿਬ ਨੇਂ ਇਹ ਸਿੱਧ ਕਰ ਕੇ ਵਿਖਾਇਆ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਵਿਰਤੀ ਅਸੰਪਰਦਾਇਕ ਤੇ ਅਰਸ਼ੀ ਬਾਣੀਂ ਸਰਬ ਮਾਨਵ ਕਲਿਆਣਕਾਰੀ ਹੈ।ਗੱਲ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਮੁੱਚੀ ਮਾਨਵਤਾ ਨੂੰ ਇੱਕ ਲੜੀ ਵਿੱਚ ਪਰੋਣ ਤੇ ਗਲਵੱਕੜੀ ਪਾਉਣ ਦਾ ਪੈਗਾਮ ਉੱਭਰਵਾਂ ਹੈ।

ਮਾਨਵ ਏਕਤਾ ਦੇ ਪ੍ਰਤੀਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚਲੀ ਬਾਣੀਂ ਨੂੰ ਤਰਤੀਬ ਦੇ ਕੇ ਸੰਕਲਿਤ ਕਰਨ ਦਾ ਕਾਰਜ ਬਹੁਤ ਗੁੰਝਲਦਾਰ ਤੇ ਜੋਖਮ ਭਰਪੂਰ ਸੀ।ਮਾਨਵ ਹਿਤੈਸ਼ੀ ਅਤੇ ਪਾਵਨ ਬੀੜ ਦੇ ਸੰਪਾਦਕ ਵਜੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਨੇਂ ਇਸ ਕਾਰਜ ਨੂੰ ਨੇਪੜੇ ਚਾੜ ਕੇ ਆਪਣੀਂ ਦੂਰ ਦ੍ਰਿਸ਼ਟਤਾ,ਪ੍ਰਬੀਨਤਾ ਅਤੇ ਵਿਦਵਤਾ ਦਾ ਪ੍ਰਮਾਣ ਦਿੱਤਾ। ਪਾਵਨ ਬੀੜ ਦੇ ਸਪੰਾਦਕ ਵਜੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਇਸ ਮਹਾਨ ਦੇਣ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। 31 ਰਾਗਾਂ ਵਿੱਚ 5894 ਸ਼ਬਦਾਂ ਤੇ ਅਧਾਰਿਤ ਇਹ ਪਾਵਨ ਗ੍ਰੰਥ ਸੰਸਾਰ ਦੇ ਸਾਰੇ ਧਾਰਮਿਕ ਗ੍ਰੰਥਾਂ ਨਾਲੋਂ ਵੱਡਾ ਹੈ ਅਤੇ ਇਸ ਦੇ 1430 ਪੰਨੇ ਹਨ।ਨਿਰੰਤਰ ਤਿੰਨ ਸਾਲ ਤੋਂ ਵੱਧ ਸਮੇਂ ਦੀ ਘਾਲਣਾਂ ਉਪਰੰਤ ਇਸ ਦੀ ਸੰਪਾਦਨਾਂ 1604 ਈਸਵੀ ਵਿੱਚ ਮੁਕੰਮਲ ਹੋਈ।ਇਸ ਮਹਾਨ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਸ਼੍ਰੀ ਗੁਰੂ ਅਰਜਨ ਦੇਵ ਜੀ ਨੇਂ ਰਮਣੀਕ ਸਥਾਨ ਰਾਮਸਰ ਸਰੋਵਰ ਦੇ ਕੰਢੇ ਤੇ ਇੱਕ ਤੰਬੂ ਲਗਾਇਆ ਤੇ ਗੁਰਬਾਣੀਂ ਅੰਕਿਤ ਕੀਤੀ ਜਾਣ ਲੱਗੀ। ਸ਼੍ਰੀ ਗੁਰੂ ਅਰਜਨ ਦੇਵ ਜੀ ਬਾਣੀਂ ਉਚਾਰਦੇ ਸਨ ਤੇ ਸਿੱਖ ਧਰਮ ਦੇ ਪ੍ਰਸਿੱਧ ਵਿਆਖਿਆਕਾਰ ਤੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਲਿਪੀਬੱਧ ਕਰਦੇ ਸਨ।ਲਿਖਾਰੀ ਭਾਈ ਗੁਰਦਾਸ ਜੀ ਨੇਂ ਸੱਭ ਤੋਂ ਪਹਿਲਾਂ ਮੂਲ ਮੰਤਰ ਤੇ ਫਿਰ ਜਪੁਜੀ ਸਾਹਿਬ ਦੀ ਬਾਣੀਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚਾੜ੍ਹੀ। ਇਸ ਉਪਰੰਤ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਸਿਰੀ ਰਾਗ ਵਿੱਚ ਉਚਾਰਿਆ ਪਹਿਲਾ ਸ਼ਬਦ ਲਿਪੀਬੱਧ ਕੀਤਾ ਗਿਆ।ਉਪਰੰਤ ਇਸ ਤਰ੍ਹਾਂ 1430 ਸਫਿਆ ਉੱਤੇ ਬਾਕੀ ਬਾਣੀਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚਾੜ੍ਹੀ ਗਈ ਤੇ ਰਾਗਮਾਲਾ ਤੋਂ ਪਹਿਲਾਂ ਮੁੰਦਾਵਣੀਂ ਦਾ ਸ਼ਬਦ ਅੰਕਿਤ ਕਰਕੇ ਮੋਹਰ ਲਗਾ ਦਿੱਤੀ।

॥ ਥਾਲ ਵਿਚੀ ਤਿੰਨਿ ਵਸਤੂ ਪਈਓ ਸਤੁ ਸੰਤੋਖ ਵਿਚਾਰੋ।।ਅੰਮ੍ਰਿਤ ਨਾਮ ਠਾਕਰੁ ਕਾ ਪਇਓ ਜਿਸ ਕਾ ਸਬਸ ਅਧਾਰੋ ॥

ਜੇ ਕੋ ਖਾਵੈ ਜੇ ਕੋ ਭੁੰਚੇ ਤਿਸ ਕਾ ਹੋਇ ਉਧਾਰੋ ॥ ਏਹ ਵਸਤੁ ਤਜੀ ਨਹ ਜਾਈ ਨਿਤੁ ਨਿਤੁ ਰਖੁ ਉਰਿ ਧਾਰੋ ॥

ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥

ਸ਼ੁਕਰਾਨੇ ਵਜੋਂ ਪਰਮੇਸ਼ਵਰ ਦਾ ਧੰਨਵਾਦ ਕਰਦਿਆਂ ਮੁੰਦਾਵਣੀਂ ਦੇ ਨਾਲ ਇਹ ਸ਼ਬਦ ਵੀ ਅੰਕਿਤ ਕੀਤਾ ਗਿਆ ਹੈ:- ਸਲੋਕ ਮਹਲਾ ੫ ॥ ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥ ਮੈਂ ਨਿਰਗੁਣਿਆਰੇ ਕੋ ਗੁਣੁ ਨਾਹੀਂ ਆਪੇ ਤਰਸ ਪਇਓਈ ॥ ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣ ਮਿਲਿਆ ॥ ਨਾਨਕ ਨਾਮ ਮਿਲੇ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥ (ਆਦਿ ਗ੍ਰੰਥ ਪੰਨਾ 1429)।ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਗੁਰੂ ਜੀ ਨੇਂ ਇਹ ਸਾਰੀ ਬਾਣੀਂ ਕਿੱਥੋਂ ਪ੍ਰਾਪਤ ਕੀਤੀ।ਉੱਤਰ ਸਪਸ਼ਟ ਹੈ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਨੇਂ ਆਪਣੇਂ ਜੀਵਨ ਕਾਲ ਦੌਰਾਨ ਪ੍ਰਚਾਰ ਹਿੱਤ ਬਹੁਤ ਯਾਤਰਾ ਕੀਤੀ।ਇਹਨਾਂ ਪ੍ਰਚਾਰਕ ਦੌਰਿਆਂ ਦੌਰਾਨ ਆਪ ਨੇਂ ਦੁਨੀਆਂ ਦੇ ਵੱਖ-ਵੱਖ ਇਲਾਕਿਆਂ ਦੇ ਵੱਖ-ਵੱਖ ਸੰਤਾਂ,ਰਿਸ਼ੀਆਂ ਮੁਨੀਆਂ,ਸਿੱਧਾਂ ਤੇ ਭਗਤਾਂ ਨਾਲ ਗੋਸ਼ਟੀਆਂ ਕੀਤੀਆਂ ਤੇ ਜੋ ਬਾਣੀਂ ਗੁਰੂ ਆਸ਼ੇ ਨਾਲ ਮੇਲ ਖਾਂਦੀ ਸੀ ਕਿ ਇੱਕ ਪੋਥੀ ਵਿੱਚ ਇਕੱਤਰ ਕਰਦੇ ਰਹੇ।ਅਕਾਲਪੁਰਖ ਵਲੋਂ ਨਾਜ਼ੁਲ ਬਾਣੀਂ ਵੀ ਇਸ ਪੋਥੀ ਵਿੱਚ ਸੰਭਾਲਦੇ ਰਹੇ।ਇਤਿਹਾਸ ਗਵਾਹ ਹੈ ਕਿ ਗੁਰਗੱਦੀ ਸੌਂਪੀ ਜਾਂਦੀ ਰਹੀ ਤੇ ਹਰ ਗੁਰੂ ਆਪਣੀ ਬਾਣੀਂ ਵਿੱਚ ਹੋਰ ਵਾਧਿਆਂ ਸਮੇਤ ਉੱਤਰਾਧਿਕਾਰੀ ਨੂੰ ਸੌਂਪਦਾ ਰਿਹਾ।ਇਸ ਗੱਲ ਦੀ ਪੁਸ਼ਟੀ ਬਾਬਾ ਸੁੰਦਰ ਜੀ ਵਲੋਂ ਰਾਮਕਲੀ ਸਦ ਵਿੱਚ ਉਚਾਰੇ ਇਸ ਸ਼ਬਦ ਤੋਂ ਹੋ ਜਾਂਦੀ ਹੈ:ਰਾਮਦਾਸ ਸੋਢੀ ਤਿਲਕੁ ਦੀਆ ਗੁਰਸਬਦ ਸਚੁ ਨਿਸਾਣ ॥ ( ਗੁ: ਗ੍ਰੰਥ ਪੰਨਾ 923 )

ਇਓਂ ਸ਼੍ਰੀ ਗੁਰੂ ਅਰਜਨ ਦੇਵ ਜੀ ਨੇਂ ਆਪਣੀ ਬਾਣੀ ਤੇ ਪਹਿਲੇ ਗੁਰੂ ਸਾਹਿਬਾਨ ਵਲੋਂ ਸੌਂਪੀ ਪੋਥੀ ਵਿੱਚ ਅੰਕਿਤ ਬਾਣੀ ਨੂੰ ਜਾਗਦੀ ਜੋਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਦਰਯੋਗ ਸਥਾਨ ਦਿੱਤਾ।ਰਹੀ ਗੱਲ ਨੌਵੇਂ ਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਬਾਰੇ ਇਹ ਬਾਣੀਂ ਸ਼੍ਰੀ ਗੁਰੂ ਗੋਬਿੰਦ ਸਿੰਘ ਨੇਂ ਭਾਈ ਮਨੀਂ ਸਿੰਘ ਪਾਸੋਂ ਬੀੜ ਵਿੱਚ ਚੜ੍ਹਾਈ।ਇਓਂ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇਂ ਨਾਂਦੇੜ ਵਿੱਚ 1765 ਕੱਤਕ ਸਦੀ ਦੂਜ (ਸੰਨ 1708 ਈ:) ਦੇ ਦਿਨ ਖਾਲਸਾ ਪੰਥ ਨੂੰ ਜੁਗੋ ਜੁਗ ਅਟਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਗੱਦੀ ਦੀ ਸੌਂਪਣਾਂ ਕੀਤੀ।ਸੱਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ ।ਗੁਰੂ ਗ੍ਰੰਥ ਕੋ ਮਾਨਿਉ ਪ੍ਰਗਟ ਗੁਰਾਂ ਕੀ ਦੇਹ । ਜੋ ਪ੍ਰਭੁ ਕੋ ਮਿਲਬੋ ਚਾਹੈ ਖੋਜੁ ਸ਼ਬਦ ਮੈ ਲੇਹ । (ਪੰਥ ਪ੍ਰਕਾਸ਼) ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸ਼੍ਰੀ ਗੁਰੂ ਅਰਜਨ ਦੇਵ ਜੀ ਨੇਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀਂ ਸ਼ਾਮਿਲ ਕਰਨ ਲੱਗਿਆਂ ਕਿਸ ਕਸਵੱਟੀ ਨੂੰ ਆਧਾਰ ਬਣਾਇਆ।ਇਸ ਦਾ ਉੱਤਰ ਇਹ ਹੈ ਕਿ ਕੇਵਲ ਉਹ ਬਾਣੀਂ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਕੀਤੀ ਗਈ ਜੋ ਗੁਰਮਤਿ ਦੀ ਕਸਵੱਟੀ ਤੇ ਪੂਰੀ ਉੱਤਰਦੀ ਸੀ।

ਲਾਹੌਰ ਸ਼ਹਿਰ ਵਿੱਚ ਰਹਿੰਦੇ ਚਾਰ ਭਗਤਾਂ ਛੱਜੂ,ਕਾਹਨਾਂ,ਪੀਲੂ ਤੇ ਸ਼ਾਹ ਹੁਸੈਨ ਦੀ ਬਾਣੀ ਨੂੰ ਸਵੀਕਾਰਿਆ ਨਹੀਂ ਗਿਆ।ਪਾਵਨ ਬੀੜ ਦੇ ਪਹਿਲੇ ਪ੍ਰਕਾਸ਼ ਲਈ 16 ਅਗਸਤ 1604 ਈਸਵੀ ਦਾ ਸ਼ੁੱਭ ਦਿਹਾੜਾ ਚੁਣਿਆ ਗਿਆ ਤੇ ਪ੍ਰਕਾਸ਼ ਸਥਾਨ ਚੁਣਿਆ ਸ਼੍ਰੀ ਹਰਿਮੰਦਰ ਸਾਹਿਬ ਅਮ੍ਰਿਤਸਰ।ਇਸ ਸ਼ੁੱਭ ਦਿਨ ਸ਼ਰਧਾਲੂ ਦੂਰ ਦੁਰਾਡੇ ਤੋਂ ਵਹੀਰਾਂ ਘੱਤ ਕੇ ਅਮ੍ਰਿਤ ਵੇਲੇ ਹੀ ਸ਼੍ਰੀ ਅਮ੍ਰਿਤਸਰ ਪੁੱਜ ਗਏ।ਸ਼ਰਧਾਲੂਆਂ ਵਿੱਚ ਅਥਾਹ ਜੋਸ਼,ਉਤਸ਼ਾਹ ਤੇ ਇਹਤਰਾਮ ਸੀ।ਰਾਮਸਰ ਦੇ ਸਥਾਨ ਤੋਂ ਸ਼੍ਰੀ ਹਰਿਮੰਦਰ ਸਾਹਿਬ ਵਿੱਚ ਪ੍ਰਕਾਸ਼ ਕਰਨ ਲਈ ਬਜੁਰਗ ਸਿੱਖ ਬਾਬਾ ਬੁੱਢਾ ਜੀ ਦੇ ਸਿਰ ਤੇ ਬੀੜ ਸੁਸ਼ੋਭਤ ਸੀ।ਸਿੱਖ ਧਰਮ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਨੇਂ ਅੱਗੇ-ਅੱਗੇ ਜਲ ਛਿੜਕਣ ਦੀ ਸੇਵਾ ਨਿਭਾਈ ਤੇ ਗੁਰੂ ਘਰ ਦੇ ਅਨਿੰਨ ਸਿੱਖ ਭਾਈ ਬੰਨੋ ਜੀ ਪੱਗ ਦੇ ਪੱਲੂ ਨਾਲ ਰਸਤਾ ਸਾਫ ਕਰ ਰਹੇ ਸਨ।ਸ਼੍ਰੀ ਗੁਰੂ ਅਰਜਨ ਦੇਵ ਜੀ ਨੇਂ ਚੌਰ ਸਾਹਿਬ ਦੀ ਸੇਵਾ ਨਿਭਾਈ।ਇਸ ਸ਼ੁੱਭ ਅਵਸਰ ਤੇ ਲੱਖਾਂ ਦੀ ਗਿਣਤੀਂ ਵਿੱਚ ਸੰਗਤਾਂ ਮਹਾਰਾਜ ਦੀ ਸਵਾਰੀ ਪਿੱਛੇ ਨੰਗੇ ਪੈਰੀਂ ਤੁਰ ਰਹੀਆਂ ਸਨ।ਪ੍ਰਥਮ ਗ੍ਰੰਥੀ ਬਾਬਾ ਬੁੱਢਾ ਜੀ ਨੇਂ ਪਵਿੱਤਰ ਵਾਕ ਲਿਆ।ਅਰਸ਼ੀ ਫੁਰਮਾਣ ਸੀ:

ਸੰਤਾ ਕੇ ਕਾਰਜ ਆਪ ਖਲੋਇਆ ਹਰਿ ਕੰਮ ਕਰਾਵਣਿ ਆਇਆ ਰਾਮ ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥

ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਰਚਾਇਆ ॥ ਸਗਲ ਮਨੋਰਥ ਪੂਰੇ ॥ ਜੈ ਜੈ ਕਾਰ ਭਇਆ ਜਗ ਅੰਤਰਿ ਲਾਥੈ ਸਗਲ ਵਿਸੂਰੇ ॥

ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪਰਾਣੀ ਗਾਇਆ ॥ ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮ ਧਿਆਇਆ ॥ (ਪੰਨਾ 783)

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਅਲਾਹੀ ਬਾਣੀਂ ਸਾਡਾ ਬਹੁ ਪੱਖੀ ਮਾਰਗ ਦਰਸ਼ਨ ਕਰਦੀ ਹੈ।ਨਿਰਸੰਦੇਹ ਧੁਰ ਕੀ ਬਾਣੀਂ ਸੰਸਾਰ ਦੇ ਹਰ ਬਸ਼ਰ ਦੀ ਅਧਿਆਤਮਕ ਰਹਿਨੁਮਾਈ ਕਰਦੀ ਹੈ।ਪ੍ਰੰਤੂ ਇਸਦੇ ਨਾਲ ਨਾਲ ਹਰ ਪ੍ਰਾਣੀਂ ਨੂੰ ਇੱਕ ਆਦਰਸ਼ ਮਾਨਵ ਬਣਨ ਦੀ ਪ੍ਰੇਰਣਾਂ ਵੀ ਮਿਲਦੀ ਹੈ।ਗੁਰੂ ਬਾਣੀਂ ਅਨੁਸਾਰ ਹਰ ਪ੍ਰਾਣੀ ਵਿੱਚ ਹਮਦਰਦੀ,ਨਿਆਂ,ਨੇਕ ਸੋਚਣੀਂ, ਤਰਸ, ਸੰਤੋਖ, ਨਿਰਮਲ ਬੁੱਧ,ਇੰਦਰੀਆਂ ਦੀ ਪਵਿੱਤਰਤਾ,ਆਜ਼ਜ਼ੀ,ਨਿਸ਼ਕਾਮ ਸੇਵਾ,ਸ਼ੀਰੀ ਜੁਬਾਨ,ਖਾਕਸਾਰੀ,ਨਿਮ-ਰਤਾ,ਦਸਾਂ ਨਹੁੰਆਂ ਦੀ ਕਿਰਤ ਕਰਨੀਂ ਤੇ ਲੋੜਵੰਦਾਂ ਤੇ ਰੋਗੀਆਂ ਦੀ ਸਹਾਇਤਾ ਕਰਨ ਦੇ ਮਾਨਵੀ ਗੁਣ ਹੋਣੇਂ ਅਤੀ ਲੁੜੀਂਦੇ ਹਨ।ਵਾਸਤਵ ਵਿੱਚ ਸੱਚਾ ਸਿੱਖ ਉਹੀ ਹੈ ਜੋ ਸੰਸਾਰ ਰੂਪੀ ਵਿਹੜੇ ਵਿੱਚ ਮਾਨਵਵਾਦੀ ਵਿਚਾਰਾਂ ਦਾ ਧਾਰਨੀ ਹੋਵੇ ਅਤੇ ਉਸਦੀ ਕਥਨੀਂ ਤੇ ਕਰਨੀਂ ਵਿੱਚ ਕੋਈ ਅੰਤਰ ਨਾਂ ਹੋਵੇ।ਗੁਰੂ ਬਾਣੀਂ ਸਾਨੂੰ ਭੁੱਲ ਭੁੱਲਈਆਂ ਤੇ ਪੇਚੀਦੇ ਮਾਰਗਾਂ ਤੇ ਨਹੀਂ ਲਾਉਂਦੀ ਸਗੋਂ ਹਾਈਵੇ ਜਾਂ ਗਾਡੀ ਰਾਹ ਤੇ ਪਾ ਕੇ " ਲੋਕ ਸੁਖੀ ਪਰਲੋਕ ਸੁਹੇਲੇ" ਦੀ ਜੀਵਨ ਜਾਂਚ ਸਿਖਾਉਂਦੀ ਹੈ।

# ਨੀਲ ਬਸਤ੍ਰ ਲੇ ਕਪੜੇ ਪਹਿਰੇ

-ਡਾ. ਧਰਮ ਸਿੰਘ

ਸਮੁੱਚੀ ਗੁਰਬਾਣੀ ਬੇਸ਼ੱਕ ਰੱਬੀ ਰਮਜ਼ਾਂ ਅਤੇ ਰਹੱਸਾਂ ਨੂੰ ਖੋਲ੍ਹਦੀ ਹੈ, ਪਰ ਇਸ ਦਾ ਸਮਾਜਕ ਅਤੇ ਸੱਭਿਆਚਾਰਕ ਮਹੱਤਵ ਵੀ ਘੱਟ ਨਹੀਂ। ਇਸ ਦਾ ਕਾਰਨ ਇਹ ਹੈ ਕਿ ਹਰ ਲੇਖਕ ਆਪਣੇ ਯੁੱਗ ਦੀ ਪੈਦਾਵਾਰ ਹੁੰਦਾ ਹੈ ਅਤੇ ਤਤਕਾਲੀ ਸਮਾਜਕ ਅਤੇ ਸੱਭਿਆਚਾਰਕ ਸਰੋਕਾਰਾਂ ਵੱਲੋਂ ਉਸ ਦਾ ਅਭਿੱਜ ਰਹਿਣਾ ਸੰਭਵ ਨਹੀਂ। ਇਸ ਲਈ ਗੁਰਬਾਣੀ ਵਿੱਚੋਂ ਜੋ ਸਮਾਜਕ ਅਤੇ ਸੱਭਿਆਚਾਰਕ ਪ੍ਰਮਾਣ ਮਿਲਦੇ ਹਨ, ਉਹ ਤਤਕਾਲ ਨੂੰ ਸਮਝਣ ਵਿੱਚ ਬਹੁਤ ਸਹਾਈ ਹੁੰਦੇ ਹਨ।

ਗੁਰੂ ਨਾਨਕ ਦੇਵ ਜੀ ਦੀਆਂ ਲਮੇਰੀਆਂ ਬਾਣੀਆਂ ਵਿੱਚੋਂ ਇਕ ‘ਆਸਾ ਦੀ ਵਾਰ' ਹੈ। ਇਸ ਵਾਰ ਵਿੱਚ ਸਮਾਜਕ ਤੇ ਸੱਭਿਆਚਾਰਕ ਸੰਕਟਾਂ ਦਾ ਜਿਹੜਾ ਨਿਰੂਪਣ ਗੁਰੂ ਸਾਹਿਬ ਨੇ ਕੀਤਾ ਹੈ, ਉਹ ਬਹੁ ਪਰਤੀ ਹੈ। ਇਨ੍ਹਾਂ ਵਿੱਚੋਂ ਇਕ ਹੈ ਉਸ ਸਮੇਂ ਦੇ ਭਾਰਤੀ ਸਮਾਜ ਵਿਚਲੀ ਗੁਲਾਮ ਮਾਨਸਿਕਤਾ। ਗੁਰੂ ਜੀ ਤੱਕ ਇਸ ਗੁਲਾਮ ਮਾਨਸਿਕਤਾ ਦੀ ਉਮਰ ਕੋਈ ਸੱਤਾਂ ਸਦੀਆਂ ਦੀ ਹੋ ਚੁੱਕੀ ਸੀ, ਜਿਸ ਕਰਕੇ ਲੋਕਾਂ ਨੇ ਆਤਮ ਪਛਾਣ ਭੁੱਲ ਕੇ ਹੁਕਮਰਾਨਾਂ ਦਾ ਲਿਬਾਸ, ਖਾਣ ਪੀਣ ਅਤੇ ਉਨ੍ਹਾਂ ਦੀ ਜੀਵਨ ਸ਼ੈਲੀ ਆਪਣਾ ਲਈ ਸੀ। ਗੁਰੂ ਨਾਨਕ ਦੇਵ ਜੀ ਦੀ ਬਾਣੀ 'ਚੋਂ ਪ੍ਰਮਾਣ ਹਨ:

ਆਦਿ ਪੁਰਖ ਕਉ ਅਲਹੁ ਕਹੀਐ,<br>
ਸੇਖਾਂ ਆਈ ਵਾਰੀ।<br>
ਦੇਵਲ ਦੇਵਤਿਆ ਕਰੁ ਲਾਗਾ,<br>
ਐਸੀ ਕੀਰਤਿ ਚਾਲੀ।<br>
ਕੂਜਾ ਬਾਂਗ ਨਿਵਾਜ ਮੁਸਲਾ,<br>
ਨੀਲ ਰੂਪ ਬਨਵਾਰੀ।

(ਗੁਰੂ ਗ੍ਰੰਥ ਸਾਹਿਬ, ਅੰਗ 1191)

ਅਸੀਂ ਕੇਵਲ ‘ਨੀਲ ਰੂਪ ਬਨਵਾਰੀ' ਦੀ ਹੀ ਗੱਲ ਕਰਨੀ ਹੈ। ਉਸ ਵੇਲੇ ਦੇ ਬ੍ਰਾਹਮਣੀ ਵਿਹਾਰ ਨੂੰ ਗੁਰੂ ਜੀ ਪਾਖੰਡ ਕਹਿ ਕੇ ਇਸ ਨੂੰ ਛੱਡਣ ਦੀ ਨਸੀਹਤ ਕਰਦੇ ਹਨ। ਹੁਕਮਰਾਨਾਂ ਦੀਆਂ ਨਜ਼ਰਾਂ ਵਿੱਚ ਪ੍ਰਵਾਨ ਚੜ੍ਹਨ ਲਈ ਜਾਂ ਉਨ੍ਹਾਂ ਦੀ ਖੁਸ਼ਨੂਦੀ ਮਸਲ ਕਰਨ ਲਈ ਬ੍ਰਾਹਮਣਾਂ ਨੇ ਉਨ੍ਹਾਂ ਵਰਗੇ ਹੀ ਨੀਲੇ ਕੱਪੜੇ ਪਹਿਨਣੇ ਸ਼ੁਰੂ ਕਰ ਦਿੱਤੇ ਸਨ। ਨੀਲਾ ਜਾਂ ਨੀਲ ਫਾਰਸੀ ਸ਼ਬਦ ਹੈ। ਨੀਲ ਇਕ ਪੌਦਾ ਹੈ, ਜਿਸ ਵਿੱਚੋਂ ਰੰਗ ਨਿਕਲਦਾ ਹੈ। ਲਾਜਵਰਦ ਨੂੰ ਨੀਲ ਕਹਿੰਦੇ ਹਨ। ਤੁਰਕ ਨੀਲੇ ਰੰਗ ਦੇ ਕੱਪੜੇ ਪਾਉਂਦੇ ਸਨ। ਬਾਬਰ ਤੁਰਕ (ਤੁਰਕੀ ਦਾ ਰਹਿਣ ਵਾਲਾ) ਸੀ। ਬਾਬਰ ਵੀ ਤੁਰਕੀ ਸ਼ਬਦ ਹੈ (ਗੁਰੂ ਗ੍ਰੰਥ ਸਾਹਿਬ, ਅਰਬੀ ਫਾਰਸੀ ਸ਼ਬਦਾਵਲੀ ਕੋਸ਼, ਅਮਰਵੰਤ ਸਿੰਘ, ਪੰਨਾ 175)। ਨੀਲੇ ਕੱਪੜੇ ਪਹਿ-ਨਣਾ ਮੁਸਲਮਾਨੀ ਫੈਸ਼ਨ ਬਣ ਚੁੱਕਾ ਸੀ। ਹਿੰਦੂ, ਮੁਸਲਮਾਨ ਹਾਕਮਾਂ ਨੂੰ ਖੁਸ਼ ਕਰਨ ਲਈ ਏਸੇ ਰੰਗ ਦੇ ਕੱਪੜੇ ਪਹਿਨਣ ਲੱਗ ਪਏ। ਗੁਰੂ ਨਾਨਕ ਇਸ ਵਰਤਾਰੇ ਜਾਂ ਕਹਿ ਲਵੋ ਕਿ ਨੀਲੇ ਕੱਪੜਿਆਂ ਨੂੰ ਗੁਲਾਮੀ ਦਾ ਚਿੰਨ ਸਮਝ ਕੇ ਇਸ ਦੀ ਨਿੰਦਾ ਕਰਦੇ ਹਨ:

ਮਥੈ ਟਿਕਾ ਤੇੜਿ ਧੋਤੀ ਕਖਾਈ।<br>
ਹਥਿ ਛੁਰੀ ਜਗਤ ਕਾਸਾਈ।<br>
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ।<br>
ਮਲੇਛ ਧਾਨੁ ਲੈ ਪੂਜਹਿ ਪੁਰਾਣੁ।

(ਗੁਰੂ ਗ੍ਰੰਥ ਸਾਹਿਬ, ਅੰਗ 871)

‘ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' ਦੇ ਕਰਤਾ ਡਾ. ਵਣਜਾਰਾ ਬੇਦੀ ਤਾਂ ਏਥੋ ਤੱਕ ਲਿਖਦੇ ਹਨ ਕਿ ਹਿੰਦੂ ਜਾਂ ਗੈਰ ਮੁਸਲਮਾਨ ਨੀਲੇ ਰੰਗ ਦੇ ਕੱਪੜੇ ਪਾ ਕੇ ਤੁਰਕ ਹਾਕਮਾਂ ਪਾਸ ਜਾਂਦੇ ਸਨ ਤਾਂ ਉਨ੍ਹਾਂ ਮਿਲਣ ਦੀ ਆਗਿਆ ਦਿੱਤੀ ਜਾਂਦੀ ਸੀ (ਜਿਲਦ ਛੇਵੀਂ, ਪੰਨਾ 1824)। ਗੁਰੂ ਨਾਨਕ ਦੇਵ ਦੀ ਜਦ ਮੱਕੇ ਗਏ ਤਾਂ ਉਨ੍ਹਾਂ ਆਪਣੇ ਓਪਰੇਪਨ ਜਾਂ ਵਿਦੇਸ਼ੀਪਨ ਨੂੰ ਲੁਕਾਉਣ ਲਈ ਨੀਲੇ ਵਸਤਰ ਹੀ ਪਾਏ ਸਨ, ਜਿਸ ਦੀ ਗਵਾਹੀ ਭਾਈ ਗੁਰਦਾਸ ਜੀ ਨੇ ਦਿੱਤੀ ਹੈ:

ਫਿਰ ਬਾਬਾ ਮੱਕੇ ਗਇਆ,<br>
ਨੀਲ ਬਸਤਰ ਧਾਰੇ ਬਨਵਾਰੀ।

(ਪਹਿਲੀ ਵਾਰ, ਪਉੜੀ ਨੰਬਰ 32)

ਪੁਰਾਤਨ ਜਨਮ ਸਾਖੀ ਅਨੁਸਾਰ ਜਦ ਬਾਬਾ ਜੀ ਚੌਥੀ ਉਦਾਸੀ 'ਤੇ ਚੜ੍ਹੇ ਤਾਂ ਉਨ੍ਹਾਂ ਵੱਲੋਂ ਨੀਲੇ ਕੱਪੜੇ ਪਹਿਨੇ ਹੋਏ ਸਨ, ‘ਤਬ ਨੀਲੇ ਬਸਤ੍ਰ ਥੇ, ਖੇਡਦਾ-ਖੇਡਦਾ ਹੱਜ ਵਿੱਚ ਆਇ ਨਿਕਲਿਆ' (ਪੰਨਾ 182)। ਏਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜੇ ਨੀਲੇ ਵਸਤਰ ਪਾਏ ਸਨ ਤਾਂ ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਉਹ ਇਨ੍ਹਾਂ ਨੂੰ ਮਾਨਤਾ ਦੇ ਰਹੇ ਹਨ। ਇਹ ਇਕ ਹਿਕਮਤਿ ਅਮਲੀ ਹੈ, ਜੋ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਵਰਤੀ ਸੀ, ਜਦ ਉਹ ਮਾਛੀਵਾੜੇ ਵਿੱਚੋਂ ਨਬੀ ਖਾਂ ਅਤੇ ਗਨੀ ਖਾਂ ਦੀ ਮਦਦ ਨਾਲ ਉਚ ਦਾ ਪੀਰ ਬਣ ਕੇ ਮੁਗਲ ਸੈਨਾ ਦੇ ਘੇਰੇ ਵਿੱਚੋਂ ਨਿਕਲੇ ਸਨ। ਚਮਕੌਰ ਦੀ ਗੜ੍ਹੀ ਛੱਡਣ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਵਿੱਚ ਗੁਲਾਬ ਚੰਦ ਮਸੰਦ ਦੇ ਘਰ ਕੁਝ ਸਮਾਂ ਟਿਕੇ, ਪਰ ਮੁਸਲਮਾਨ ਸੈਨਾ ਨੂੰ ਸੂਹ ਮਿਲ ਗਈ ਅਤੇ ਉਸ ਨੇ ਮਾਛੀਵਾੜੇ ਨੂੰ ਘੇਰਾ ਪਾ ਲਿਆ। ਪੁਰਾਣੀ ਵਫਾਦਾਰੀ ਨਿਭਾਉਣ ਖਾਤਰ ਦੋ ਪਠਾਣ ਨਬੀ ਖਾਂ ਅਤੇ ਗਨੀ ਖਾਂ ਅੱਗੇ ਆਏ। ਪਠਾਣਾਂ ਦੇ ਕੱਪੜੇ ਪਹਿਲਾਂ ਹੀ ਨੀਲੇ ਰੰਗ ਦੇ ਸਨ, ਪਰ ਉਨ੍ਹਾਂ ਨੇ ਗੁਰੂ ਜੀ ਅਤੇ ਉਨ੍ਹਾਂ ਨਾਲ ਆਏ ਸਿੱਖਾਂ ਦੇ ਵਸਤਰ ਵੀ ਨੀਲੇ ਰੰਗ ਵਿੱਚ ਰੰਗ ਦਿੱਤੇ ਅਤੇ ਗੁਰੂ ਜੀ ਨੂੰ ਉਚ (ਅੱਜ ਕੱਲ੍ਹ ਬਹਾਵਲਪੁਰ ਰਿਆਸਤ, ਪਾਕਿ-ਸਤਾਨ) ਨੂੰ ਪੀਰ ਬਣਾ ਕੇ ਘੇਰੇ 'ਚੋਂ ਬਾਹਰ ਕੱਢ ਲਿਆਏ। ਜਿਸ ਮੱਟ ਵਿੱਚ ਗੁਰੂ ਜੀ ਅਤੇ ਬਾਕੀ ਸਿੰਘਾਂ ਦੇ ਕੱਪੜੇ ਨੀਲੇ ਰੰਗ ਵਿੱਚ ਰੰਗੇ ਸਨ, ਉਹ ਮੱਟ ਅੱਜ ਵੀ ਮਾਛੀਵਾੜੇ ਦੇ ਗੁਰਦੁਆਰਾ ਚੌਬਾਰਾ ਸਾਹਿਬ ਵਿੱਚ ਸੁਰੱਖਿਅਤ ਹੈ। ਉਸ ਵੇਲੇ ਦਾ ਸਮਾਜ ਧਾਰਮਿਕ ਤੌਰ 'ਤੇ ਤਾਂ ਅਧੋਗਤੀ ਦਾ ਸ਼ਿਕਾਰ ਹੋਇਆ ਪਿਆ ਸੀ, ਉਨ੍ਹਾਂ ਦੀ ਸੱਭਿਆਚਾਰਕ ਅਧੋਗਤੀ ਦੀ ਜੋ ਤਸਵੀਰ ਆਸਾ ਦੀ ਵਾਰ ਵਿੱਚ ਮਿਲਦੀ ਹੈ, ਉਹ ਹੋਰ ਕਿਧਰੇ ਘੱਟ ਹੀ ਨਜ਼ਰ ਪੈਂਦੀ ਹੈ। ਹਿੰਦੂ ਪਰਜਾ ਸੀ, ਏਸੇ ਕਰਕੇ ਇਹ ਸੰਬੋਧਨ ਇਸ ਬਾਣੀ ਵਿੱਚ ਬਹੁਲਤਾ ਸਹਿਤ ਪ੍ਰਾਪਤ ਹੈ। ਪਰਜਾ ਨੂੰ ਅੰਨ੍ਹੀ ਤੱਕ ਕਹਿ ਕੇ ਗਿਆਨਵਾਨ (ਸੁਜਾਖੀ) ਬਣਨ ਦੀ ਨਸੀਹਤ ਕੀਤੀ ਗਈ ਹੈ। ਮੈਂ ਏਥੇ ‘ਗਿਆਨ' ਸ਼ਬਦ ਦੇ ਅਰਥ ਸੱਭਿਆਚਾਰਕ ਚੇਤਨਾ ਜਾਂ ਜਾਗਰੂਕਤਾ ਦੇ ਲੈਂਦਾ ਹੈ, ਕਿਉਂਕਿ ਹਿੰਦੂਆਂ (ਵਿਸ਼ੇਸ਼ ਕਰਕੇ ਬ੍ਰਾਹਮਣਾਂ) ਨੂੰ ਵੇਦਾਂ, ਪੌਰਾਣਾਂ, ਉਪਨਿਸ਼ਦਾਂ ਅਤੇ ਹੋਰ ਧਾਰਮਿਕ ਗ੍ਰੰਥਾਂ ਦਾ ਗਿਆਨ ਤਾਂ ਪਹਿਲਾਂ ਸੀ, ਪਰ ਸੱਭਿਆਚਾਰਕ ਚੇਤਨਾ ਅਤੇ ਦ੍ਰਿੜ੍ਹਤਾ ਨਹੀਂ ਸੀ। ਗੁਰੂ ਨਾਨਕ ਦੇਵ ਜੀ ਏਸੇ ਚੇਤਨਾ ਵੱਲ ਹੀ ਸੰਕੇਤ ਕਰਦੇ ਹਨ:

ਅੰਧੀ ਰਯਤਿ ਗਿਆਨ ਵਿਹੂਣੀ,<br>
ਭਾਹਿ ਭਰੇ ਮੁਰਦਾਰੁ।<br>
ਗਿਆਨੀ ਨਚਹਿ ਵਾਜੇ ਵਾਵਹਿ,<br>
ਰੂਪ ਕਰਹਿ ਸੀਗਾਰੁ।

ਥੋੜੀ ਜਿਹੀ ਗੱਲ ਨਿਹੰਗ ਸਿੰਘਾਂ ਦੇ ਨੀਲੇ ਬਾਣੇ ਬਾਰੇ ਕਰੀਏ। ਪਿੱਛੇ ਅਸੀਂ ਵੇਖਿਆ ਕਿ ਗੁਰੂ ਨਾਨਕ ਦੇਵ ਨੇ ਨੀਲੇ ਕੱਪੜਿਆਂ ਨੂੰ ਹੁਕਮਰਾਨੀ ਪੁਸ਼ਾਕ ਕਹਿ ਕੇ ਕਠੋਰ ਸ਼ਬਦਾਂ ਵਿੱਚ ਨਿੰਦਿਆ ਹੈ। ਪ੍ਰਸ਼ਨ ਉਠਦਾ ਹੈ ਕਿ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਲਾਡਲੀਆਂ ਫੌਜਾਂ ਲਈ ਇਹ ਹੀ ਰੰਗ ਕਿਉਂ ਨਿਰਧਾਰਿਤ ਕੀਤਾ। ਦੂਜੇ ਸ਼ਬਦਾਂ ਵਿੱਚ ਕਹਿ ਲਓ ਕਿ ਇਸ ਤਬਦੀਲੀ ਪਿੱਛੇ ਕੀ ਦਲੀਲ ਹੈ? ਗੁਰੂ ਗੋਬਿੰਦ ਸਿੰਘ ਜੀ ਨੇ ਜਦ ਅੰਮ੍ਰਿਤ ਛਕਾਇਆ ਤਾਂ ਸਿੱਖਾਂ ਦੇ ਮਨਾਂ ਵਿੱਚੋਂ ਹਕੂਮਤੀ ਡਰ, ਭੈਅ ਦੂਰ ਕਰਨ ਹਿੱਤ ਸੱਤਾ ਦੇ ਪ੍ਰਤੀਕ ਉਹ ਸਾਰੇ ਚਿੰਨ੍ਹ ਦਾਰਨ ਕਰਨਾ ਜ਼ਰੂਰੀ ਕਰਾਰ ਦਿੱਤੇ। ਅੰਮ੍ਰਿਤ ਸੰਚਾਰ ਸੰਸਕਾਰ ਦੇ ਪੁਰਾਣੇ ਚਿੱਤਰਾਂ ਵਿੱਚ ਪੰਜ ਪਿਆਰੇ ਤੇ ਖੁਦ ਗੁਰੂ ਗੋਬਿੰਦ ਸਿੰਘ ਜੀ ਵੀ ਨੀਲੇ ਬਾਣੇ ਵਿੱਚ ਦਰਸਾਏ ਗਏ ਹਨ, ਜਿਸ ਤੋਂ ਸਾਡੀ ਧਾਰਨਾ ਦੀ ਪੁਸ਼ਟੀ ਹੁੰਦੀ ਹੈ। ਇੰਝ ਨੀਲੇ ਵਸਤਰ ਜੋ ਗੁਰੂ ਨਾਨਕ ਦੇਵ ਦੀ ਦੇ ਸਮੇਂ ਹਕੂਮਤੀ ਲਿਬਾਸ ਸੀ, ਉਹ ਨਾਬਰੀ ਅਤੇ ਹਕੂਮਤੀ ਅਵੱਗਿਆ ਦਾ ਪ੍ਰਤੀਕ ਬਣ ਗਿਆ ਸੀ। ਭਾਈ ਗੁਰਦਾਸ (ਦੂਜਾ) ਦੀ ਵਾਰ ਦਾ ਇਹ ਬੰਦ ਵਾ ਏਸੇ ਤੱਥ ਦੀ ਪੁਸ਼ਟੀ ਕਰਦਾ ਹੈ:

ਜਿਨ ਪੰਥ ਚਲਾਯੋ ਖਾਲਸਾ ਦਰ ਤੇਜ ਕਰਾਰਾ।<br>
ਸਿਰ ਕੇਸ ਧਾਰਿ ਗਹਿ ਖੜਗ ਕਉ ਸਭ ਦੁਸ਼ਟ ਪਛਾਰਾ।<br>
ਇਉ ਉਪਜੇ ਸਿੰਘ ਭੁਜੰਗੀਏ, ਨੀਲੰਬਰ ਧਾਰਾ। (ਪਾਉੜੀ 15)

ਗੁਰੂ ਨਾਨਕ ਦੇਵ ਜੀ ਰਚਿਤ ਲੰਮੇਰੀਆਂ ਬਾਣੀਆਂ ਵਿੱਚ ਕਿਸੇ ਨਾ ਕਿਸੇ ਵਿਸ਼ੇਸ਼ ਪੱਖ 'ਤੇ ਵਧੇਰੇ ਬੱਲ ਦਿੱਤਾ ਗਿਆ ਮਿਲਦਾ ਹੈ। ਜਿਵੇਂ ਜਪੁ ਜੀ ਸਾਹਿਬ ਵਧੇਰ ਦਾਰਸ਼ਨਿਕ ਹੈ, ਦੱਖਣੀ ਓਅੰਕਾਰ ਬੁੱਧੀਜੀਵੀ ਵਰਗ ਨੂੰ ਸੰਬੋਧਿਤ ਹੈ, ਸਿੱਧ ਗੋਸ਼ਟਿ ਨਾਥਾਂ ਜੋਗੀਆਂ ਨੂੰ, ਠੀਕ ਏਸੇ ਤਰ੍ਹਾਂ ਆਸਾ ਦੀ ਵਾਰ ਦਾ ਮਹੱਤਵ ਗੁਰੂ ਜੀ ਦੇ ਤਤਕਾਲੀ ਸੱਭਿਆਚਾਰਕ ਵਰਤਾਰਿਆਂ ਨੂੰ ਉਜਾਗਰ ਕਰਨ ਵਿੱਚ ਵਧੇਰੇ ਹੈ। ਅਸੀਂ ਜਾਣਦੇ ਹਾਂ ਕਿ ਗੁਰਦੁਆਰਿਆਂ ਵਿੱਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਦੀ ਮਰਿਯਾਦਾ ਹੈ। ਪ੍ਰਸ਼ਨ ਹੈ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਬਾਈ ਵਾਰਾਂ ਵਿੱਚੋਂ ਇਹ ਮਾਣ ਕੇਵਲ ਆਸਾ ਦੀ ਵਾਰ ਨੂੰ ਹੀ ਕਿਉਂ ਮਿਲਿਆ। ਸਾਡਾ ਅਨੁਮਾਨ ਹੈ ਕਿ ਅਜਿਹਾ ਇਸ ਲਈ ਹੋਇਆ ਕਿਉਂਕਿ ਇਸ ਵਾਰ ਦੇ ਵਾਰ-ਵਾਰ ਪੜ੍ਹਨ ਅਤੇ ਸੁਣਨ ਨਾਲ ਗੁਰੂ ਨਾਨਕ ਜਾਂ ਗੁਰੂ ਅੰਗਦ ਦੇਵ ਜੀ ਦੀ ਲੋਕਾਂ ਵਿੱਚ ਸੱਭਿਆਚਾਰਕ ਚੇਤਨਾ ਜਗਾਈ ਰੱਖਣਾ ਸੀ। ਸੱਭਿਆਚਾਰਕ ਅਧੋਗਤੀ ਹੀ ਕਿਸੇ ਸਮਾਜ ਦੇ ਪਤਨ ਦਾ ਕਾਰਨ ਬਣਦੀ ਹੈ, ਇਸ ਲਈ ਚੌਕੰਨੇ ਰਹਿਣ ਦੀ ਲੋੜ ਹੈ ਅਤੇ ਆਸਾ ਦੀ ਵਾਰ ਇਹ ਲੋੜ ਬੜੀ ਕੁਸ਼ਲਤਾ ਨਾਲ ਪੂਰਿਆਂ ਕਰਦੀ ਹੈ।

# ਕੀ ਜੱਜਾਂ ਨੂੰ ‘ਸੱਚ ਬੋਲਣਾ’ ਮਨ੍ਹਾ ਹੈ

-ਵਿਨੀਤ ਨਾਰਾਇਣ-

ਪਟਨਾ ਹਾਈ ਕੋਰਟ ਦੇ ਜੱਜ ਜਸਟਿਸ ਰਾਕੇਸ਼ ਕੁਮਾਰ ਵਿਰੁੱਧ ਉਨ੍ਹਾਂ ਦੇ ਬਾਕੀ ਸਾਥੀ ਜੱਜਾਂ ਅਤੇ ਚੀਫ ਜਸਟਿਸ ਨੇ ਬੈਠਕ ਕਰਕੇ ਇਕ ਹੁਕਮ ਪਾਸ ਕੀਤਾ, ਜਿਸ ਨਾਲ ਜਸਟਿਸ ਰਾਕੇਸ਼ ਕੁਮਾਰ ਤੋਂ ਸਾਰੇ ਕੇਸਾਂ ਦੀ ਸੁਣਵਾਈ ਖੋਹ ਲਈ ਗਈ ਹੈ। ਇਹ ਇਸ ਲਈ ਹੋਇਆ ਕਿ ਜਸਟਿਸ ਰਾਕੇਸ਼ ਕੁਮਾਰ ਨੇ ਇਕ ਮੁਕ-ੱਦਮੇ ਵਿੱਚ ਫੈਸਲਾ ਦਿੰਦੇ ਹੋਏ ਜੱਜਾਂ ਵਿੱਚ ਪਾਏ ਜਾ ਰਹੇ ਭ੍ਰਿਸ਼ਟਾਚਾਰ ਉੱਤੇ ਤਲਖ ਟਿੱਪਣੀ ਕੀਤੀ ਸੀ।

ਜਸਟਿਸ ਰਾਕੇਸ਼ ਕੁਮਾਰ ਨੇ ਇਕ ਲੰਮੇ ਹੁਕਮ ਵਿੱਚ ਦੱਸਿਆ ਸੀ ਕਿ ਜਦੋਂ ਤੋਂ ਉਨ੍ਹਾਂ ਨੇ ਜੱਜ ਦਾ ਕੰਮ ਸੰਭਾਲਿਆ, ਉਦੋਂ ਤੋਂ ਉਨ੍ਹਾਂ ਨੇ ਦੇਖਿਆ ਕਿ ਕਿਸ ਤਰ੍ਹਾਂ ਉਨ੍ਹਾਂ ਦੇ ਸਾਥੀ ਭ੍ਰਿਸ਼ਟਾਚਾਰ ਅਤੇ ਅਨੈਤਿਕ ਕੰਮਾਂ ਵਿੱਚ ਸ਼ਾਮਲ ਹਨ। ਉਨ੍ਹਾਂ ਨੇ ਇਹ ਵੀ ਦੇਖਿਆ ਕਿ ਉਨ੍ਹਾਂ ਦੇ ਸਾਥੀ ਜੱਜ ਛੋਟੇ-ਛੋਟੇ ਲਾਭਾਂ ਲਈ ਕਿਸ ਤਰ੍ਹਾਂ ਚੀਫ ਜਸਟਿਸ ਦੀ ਚਾਪਲੂਸੀ ਕਰਦੇ ਹਨ। ਜਸਟਿਸ ਰਾਕੇਸ਼ ਕੁਮਾਰ ਦਾ ਇੰਨਾ ਹਮਲਾਵਰੀ ਹੁਕਮ ਤੇ ਜੱਜਾਂ ਦੇ ਵਤੀਰੇ ਉੱਤੇ ਇੰਨੀ ਬੇਬਾਕ ਟਿੱਪਣੀ ਬਾਕੀ ਜੱਜਾਂ ਨੂੰ ਸਵੀਕਾਰ ਨਹੀਂ ਹੋਈ ਅਤੇ ਉਨ੍ਹਾਂ ਨੇ ਜਸਟਿਸ ਰਾਕੇਸ਼ ਕੁਮਾਰ ਨੂੰ ਸੱਚ ਬੋਲਣ ਦੀ ਸਜ਼ਾ ਦੇ ਦਿੱਤੀ।

ਇਹ ਕਿਹੋ ਜਿਹਾ ਵਿਰੋਧਾਭਾਸ ਹੈ ਕਿ ਅਦਾਲਤਾਂ ਵਿੱਚ ਬਿਆਨ ਦੇਣ ਤੋਂ ਪਹਿਲਾਂ ਧਰਮ ਗ੍ਰੰਥ ਉੱਤੇ ਹੱਥ ਰੱਖ ਕੇ ਇਹ ਸਹੁੰ ਚੁਕਾਈ ਜਾਂਦੀ ਹੈ ਕਿ ‘ਮੈਂ ਜੋ ਵੀ ਕਹਾਂਗਾ, ਸੱਚ ਕਹਾਂਗਾ ਅਤੇ ਸੱਚ ਦੇ ਸਿਵਾਏ ਕੁਝ ਨਹੀਂ ਕਹਾਂਗਾ।' ਮਤਲਬ ਇਹ ਹੈ ਕਿ ਪਟੀਸ਼ਨਕਰਤਾ ਜਾਂ ਵਿਰੋਧੀ ਜਾਂ ਗਵਾਹ ਤੋਂ ਸੱਚ ਬੋਲਣ ਦੀ ਆਸ ਕੀਤੀ ਜਾਂਦੀ ਹੈ, ਪਰ ਉਨ੍ਹਾਂ ਦੇ ਬਿਆਨਾਂ 'ਤੇ ਫੈਸਲਾ ਲੈਣ ਵਾਲੇ ਜੱਜ ਨੂੰ ਸੱਚ ਬੋਲਣ ਦੀ ਆਜ਼ਾਦੀ ਨਹੀਂ। ਕੀ ਇਹ ਸੱਚ ਨਹੀਂ ਹੈ ਕਿ ਹੇਠਲੀਆਂ ਅਦਾਲਤਾਂ ਤੋਂ ਲੈ ਕੇ ਸਰਵਉਚ ਅਦਾਲਤਾਂ ਤੱਕ ਵਿੱਚ ਅਨੇਕ ਜੱਜਾਂ ਦੇ ਆਚਰਣ ਸਮੇਂ-ਸਮੇਂ 'ਤੇ ਅਨੈਤਿਕ ਪਾਏ ਗਏ ਹਨ ਅਤੇ ਉਨ੍ਹਾਂ 'ਤੇ ਸਮੇਤ ਪ੍ਰਮਾਣ ਭ੍ਰਿਸ਼ਟਾਚਾਰ ਦੇ ਦੋਸ਼ ਵੀ ਲੱਗੇ ਹਨ।

ਭਾਰਤ ਦੇ ਚੀਫ ਜਸਟਿਸ ਜੇ ਐਸ ਵਰਮਾ ਨੇ ਇਕ ਵਾਰ ਸੁਪਰੀਮ ਕੋਰਟ ਦੀ ਖੁੱਲ੍ਹੀ ਅਦਾਲਤ ਵਿੱਚ ਕਿਹਾ ਸੀ ਕਿ ‘ਹੇਠਲੀਆਂ ਅਦਾਲਤਾਂ ਵਿੱਚ ਭਾਰੀ ਭ੍ਰਿਸ਼ਟਾਚਾਰ ਹੋ ਰਿਹਾ ਹੈ। ਇਹੀ ਨਹੀਂ, ਉਨ੍ਹਾਂ ਤੋਂ ਬਾਅਦ ਦੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਐਸ ਪੀ ਭਰੂਚਾ ਨੇ ਦਸੰਬਰ 2001 'ਚ ਕੇਰਲ ਦੇ ਕੋਵਲਮ ਵਿੱਚ ਇਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਉਚ ਅਦਾਲਤਾਂ ਵਿੱਚ 20 ਫੀਸਦੀ ਜੱਜ ਭ੍ਰਿਸ਼ਟ ਹਨ। ਭ੍ਰਿਸ਼ਟ ਜੱਜਾਂ ਵਿਰੁੱਧ ਜਾਂਚ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦੇਣਾ ਚਾਹੀਦਾ ਹੈ।' ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਮੌਜੂਦਾ ਕਾਨੂੰਨ ਜੱਜਾਂ ਦੇ ਭ੍ਰਿਸ਼ਟਾਚਾਰ ਨਾਲ ਨਜਿੱਠਣ ਵਿੱਚ ਨਾਕਾਫੀ ਹੈ। ਅਜਿਹਾ ਇਸ ਲਈ ਹੈ ਕਿ ਹਾਈ ਕੋਰਟਾਂ ਜਾਂ ਸੁਪਰੀਮ ਕੋਰਟ ਦੇ ਕਿਸੇ ਜੱਜ ਨੂੰ ਹਟਾਉਣ ਲਈ ਜੋ ਸੰਵਿਧਾਨਿਕ ਪ੍ਰਕਿਰਿਆ ਅੱਜ ਹੈ, ਉਹ ਬੜੀ ਗੁੰਝਲਦਾਰ ਹੈ। ਇਸ ਦੇ ਲਈ ਲੋਕ ਸਭਾ ਦੇ 100 ਪਾਰਲੀਮੈਂਟ ਮੈਂਬਰ ਜਾਂ ਰਾਜ ਸਭਾ ਦੇ 50 ਪਾਰਲੀਮੈਂਟ ਮੈਂਬਰ ਜਦੋਂ ਦਸਤਖਤ ਸ਼ੁਦਾ ਨੋਟਿਸ ਲੋਕ ਸਭਾ ਜਾਂ ਰਾਜ ਸਭਾ ਦੇ ਮੁਖੀ ਨੂੰ ਦਿੰਦੇ ਹਨ ਅਤੇ ਉਥੇ ਮਹਾਦੋਸ਼ ਦੇ ਪ੍ਰਸਤਾਵ 'ਤੇ ਬਹਿਸ ਹੁੰਦੀ ਹੈ ਅਤੇ ਜੇ ਮਹਾਦੋਸ਼ ਸਿੱਧ ਹੋ ਜਾਂਦੇ ਹਨ ਅਤੇ ਦੋ ਤਿਹਾਈ ਸਦਨ ਦੀ ਸਹਿਮਤੀ ਹੁੰਦੀ ਹੈ ਤਾਂ ਇਸ ਦੀ ਸੂਚਨਾ ਰਾਸ਼ਟਰਪਤੀ ਨੂੰ ਦਿੱਤੀ ਜਾਂਦੀ ਹੈ, ਜੋ ਜੱਜ ਨੂੰ ਬਰਖਾਸਤ ਕਰਦੇ ਹਨ। ਸੰਵਿਧਾਨ ਦੀ ਧਾਰਾ 124 ਅਤੇ 218 ਵਿੱਚ ਇਸ ਪੂਰੀ ਪ੍ਰਕਿਰਿਆ ਦਾ ਵਿਸਥਾਰ ਪੂਰਵਕ ਵਰਣਨ ਹੈ।

ਉਚ ਨਿਆਂ ਪਾਲਿਕਾ ਦੇ ਮੈਂਬਰਾਂ ਵਿੱਚ 20 ਫੀਸਦੀ ਭ੍ਰਿਸ਼ਟ ਹਨ। ਇਸ ਗੱਲ ਨੂੰ ਭਾਰਤ ਦੇ ਮੌਜੂਦਾ ਚੀਫ ਜਸਟਿਸ ਨੇ ਮੰਨਿਆ ਕੀਤਾ ਹੈ। 2001 ਤੋਂ ਅੱਜ ਤਕ ਇਹ ਫੀਸਦੀ 20 ਤੋਂ ਵਧ ਕੇ ਕਿੰਨੀ ਹੋ ਗਈ ਹੈ, ਇਸ ਦਾ ਕੋਈ ਸਰਵੇਖਣ ਨਹੀਂ ਹੋਇਆ। ਜੇ ਮੰਨ ਲਈਏ ਕਿ 20 ਫੀਸਦੀ ਜੱਜ ਭ੍ਰਿਸ਼ਟ ਹਨ ਤਾਂ ਇਸ ਦਾ ਅਰਥ ਇਹ ਹੋਇਆ ਕਿ ਜਿਨ੍ਹਾਂ ਦੇ ਕੇਸ ਇਨ੍ਹਾਂ ਜੱਜਾਂ ਦੇ ਕੋਲ ਸੁਣਵਾਈ ਲਈ ਜਾਂਦੇ ਹੋਣਗੇ, ਉਨ੍ਹਾਂ 'ਚ ਉਨ੍ਹਾਂ ਨੂੰ ਨਿਆਂ ਨਹੀਂ ਮਿਲਦਾ ਹੋਵੇਗਾ, ਕਿਉਂਕਿ ਭ੍ਰਿਸ਼ਟ ਜੱਜ ਪੈਸਾ ਲੈ ਕੇ ਫੈਸਲਾ ਸੁਣਾਉਣ 'ਚ ਝਿਜਕ ਨਹੀਂ ਕਰਦੇ ਹੋਣਗੇ।

ਇਸ ਗੱਲ ਨੂੰ ਮੰਨ ਲਿਆਂ ਅੱਜ 18 ਸਾਲ ਹੋ ਗਏ। ਇਨ੍ਹਾਂ ਦੋ ਦਹਾਕਿਆਂ ਵਿੱਚ ਵੀ ਪਾਰਲੀਮੈਂਟ ਨੇ ਅਜਿਹਾ ਕੋਈ ਕਦਮ ਨਹੀਂ ਚੁੱਕਿਆ, ਜਿਸ ਨਾਲ ਦੇਸ਼ ਦੀ ਜਨਤਾ ਨੂੰ ਭ੍ਰਿਸ਼ਟ ਜੱਜਾਂ ਤੋਂ ਛੁਟਕਾਰਾ ਮਿਲ ਸਕਦਾ। ਇਸ ਗੱਲ ਨੂੰ ਜਸਟਿਸ ਭਰੂਚਾ ਨੇ ਵੀ ਉਦੋਂ ਮੰਨਿਆ ਸੀ, ਜਦੋਂ ਮੈਂ 1998-2000 ਵਿਚਾਲੇ ਸੁਪਰੀਮ ਕੋਰਟ ਦੇ ਦੋ ਚੀਫ ਜਸਟਿਸਾਂ ਅਤੇ ਇਕ ਜੱਜ ਦੇ ਭ੍ਰਿਸ਼ਟਾਚਾਰ ਨੂੰ ਸਬੂਤਾਂ ਸਮੇਤ ਆਪਣੇ ਹਫਤਾਵਾਰੀ ਅਖਬਾਰ ਵਿੱਚ ਛਾਪ ਕੇ ਦੇਸ਼ ਸਾਹਮਣੇ ਉਜਾਗਰ ਕਰਨ ਦੀ ਹਿੰਮਤ ਦਿਖਾਈ ਸੀ। ਇਸ ਦਾ ਨਤੀਜਾ ਇਹ ਸੀ ਕਿ ਸੁਪਰੀਮ ਕੋਰਟ ਦੇ ਜ਼ਮੀਨੀ ਘਪਲਿਆਂ 'ਚ ਦੋਸ਼ੀ ਚੀਫ ਜਸਟਿਸ ਨੇ ਮੇਰੇ ਉਤੇ ਜੰਮੂ ਕਸ਼ਮੀਰ ਹਾਈ ਕੋਰਟ ਵਿੱਚ ਅਦਾਲਤ ਦੀ ਮਾਣਹਾਨੀ ਦਾ ਕੇਸ ਦਾਇਰ ਕਰਵਾਇਆ, ਜਿਸ ਦਾ ਮੈਂ ਡਟ ਕੇ ਮੁਕਾਬਲਾ ਕੀਤਾ ਅਤੇ ਇਸ ਵਿਸ਼ੇ ਨੂੰ ਕੌਮਾਂਤਰੀ ਟੈਲੀਵਿਜ਼ਨ ਅਤੇ ਅਖਬਾਰਾਂ 'ਚ ਛਾਪਿਆ। ਉਦੋਂ ਦੇਸ਼ 'ਚ ਅਜਿਹਾ ਮਾਹੌਲ ਬਣ ਗਿਆ ਸੀ ਕਿ ਜਸਟਿਸ ਭਰੂਚਾ ਨੂੰ ਇਹ ਕੌੜਾ ਸੱਚ ਜਨਤਕ ਤੌਰ 'ਤੇ ਸਵੀਕਾਰ ਕਰਨਾ ਪਿਆ।

ਇਸ ਸੰਦਰਭ 'ਚ ਇਹ ਮੱਹਤਵ ਪੂਰਨ ਹੈ ਕਿ ਅਦਾਲਤ ਦੀ ਉਲੰਘਣਾ ਦੇ ਕਾਨੂੰਨ ਦੀ ਨਾਜਾਇਜ਼ ਵਰਤੋਂ ਕਰਕੇ ਭ੍ਰਿਸ਼ਟਾਚਾਰ 'ਚ ਸ਼ਾਮਲ ਜੱਜ ਆਵਾਜ਼ ਉਠਾਉਣ ਵਾਲੇ ਉਤੇ ਤਸ਼ੱਦਦ ਕਰਦੇ ਹਨ, ਅਜਿਹਾ ਯਤਨ ਮੇਰੇ ਵਿਰੁੱਧ ਵੀ ਕੀਤਾ ਗਿਆ ਅਤੇ ਉਦੋਂ ਮੈਂ ਕਿਤਾਬ ਲਿਖੀ ‘ਅਦਾਲਤ ਦੀ ਉਲੰਘਣਾ ਕਾਨੂੰਨ ਦੀ ਦੁਰਵਰਤੋਂ'। ਇਸ ਉਤੇ ਟਿੱਪਣੀ ਕਰਦੇ ਹੋਏ ‘ਪ੍ਰੈਸ ਕੌਂਸਲ ਆਫ ਇੰਡੀਆ' ਦੇ ਪ੍ਰਧਾਨ ਜਸਟਿਸ ਪੀ ਬੀ ਸਾਵੰਤ ਦਾ ਕਹਿਣਾ ਸੀ ਕਿ ‘ਇਸ ਸੰਘਰਸ਼ ਨੇ ਅਦਾਲਤ ਦੀ ਉਲੰਘਣਾ ਕਾਨੂੰਨ ਦੀ ਦੁਰਵਰਤੋਂ ਨੂੰ ਇਕ ਮੁੱਦਾ ਬਣਾ ਦਿੱਤਾ।' ਦੁੱਖ ਦੀ ਗੱਲ ਹੈ ਕਿ ਇੰਨੇ ਸੰਘਰਸ਼ ਤੋਂ ਬਾਅਦ ਵੀ ਅੱਜ ਤੱਕ ਸਥਿਤੀ ਉਹੋ ਹੈ। ਇਸੇ ਲਈ ਨਿਆਂ ਪਾਲਿਕਾ ਵਿਰੁੱਧ ਸੱਚ ਬੋਲਣ ਵਾਲੇ ਇਕ ਸਾਡੇ ਵਰਗੇ ਪੱਤਰਕਾਰ ਜਾਂ ਸਾਧਾਰਨ ਨਾਗਰਿਕ ਨੂੰ ਨਹੀਂ, ਸਗੋਂ ਖੁਦ ਪਟਨਾ ਹਾਈ ਕੋਰਟ ਦੇ ਜੱਜ ਨੂੰ ਨਿਆਂ ਪਾਲਿਕਾ ਦੇ ਗੁੱਸੇ ਦਾ ਅੱਜ ਸ਼ਿਕਾਰ ਹੋਣਾ ਪਿਆ।

ਅਜਿਹੀ ਹਾਲਾਤ ਵਿੱਚ ਦੇਸ਼ ਦੇ ਜਾਗਰੂਕ ਨਾਗਰਿਕਾਂ ਨੂੰ ਸਾਰੇ ਪਾਰਲੀਮੈਂਟ ਮੈਂਬਰਾਂ ਨੂੰ ਅਪੀਲ ਕਰਨੀ ਚਾਹੀਦੀ ਹੈ ਕਿ ਸੰਵਿਧਾਨ 'ਚ ਏਦਾਂ ਦੀ ਸੋਧ ਹੋਵੇ, ਜਿਸ ਨਾਲ ਨਿਆਂ ਪਾਲਿਕਾ ਦੇ ਮੈਂਬਰਾਂ 'ਤੇ ਭ੍ਰਿਸ਼ਟਾਚਾਰ ਅਤੇ ਅਨੈਤਿਕ ਆਚਰਣ ਦੇ ਪ੍ਰਮਾਣਿਤ ਦੋਸ਼ ਲਾਉਣ ਵਾਲਾ ਕੋਈ ਵੀ ਹਿੰਮਤੀ ਵਿਅਕਤੀ ਅਦਾਲਤ ਦੇ ਤਸ਼ੱਦਦ ਦਾ ਸ਼ਿਕਾਰ ਨਾ ਹੋਵੇ।

## ਪਾਕਿ ਤੋਂ ਭਾਰਤ ਆਏ ਪਰਵਾਰਾਂ ਦੇ ਲੋਕ ਰਹਿਣ ਲਈ ਛੱਤ ਮੰਗਣ ਨੂੰ ਹਾਈ ਕੋਰਟ ਪਹੁੰਚੇ

ਚੰਡੀਗੜ੍ਹ, 3 ਸਤੰਬਰ (ਪੋਸਟ ਬਿਊਰੋ)- ਵੰਡ ਦੇ ਸਮੇਂ ਪਾਕਿਸਤਾਨ ਤੋਂ ਭਾਰਤ ਆਏ ਪਰਵਾਰਾਂ ਨਾਲ ਸੰਬਧਤ 22 ਲੋਕਾਂ ਨੇ ਹਾਈ ਕੋਰਟ ਵਿੱਚ ਅਰਜ਼ੀ ਦੇ ਕੇ ਰਹਿਣ ਲਈ ਛੱਤ ਦਿਵਾਉਣ ਦੀ ਅਪੀਲ ਕੀਤੀ ਹੈ। ਇਹ ਲੋਕ ਕਸਤੂਰਬਾ ਆਸ਼ਰਮ ਰਾਜਪੁਰਾ ਵਿੱਚ ਸ਼ਰਨਾਰਥੀਆਂ ਵਜੋਂ ਰਹਿ ਰਹੇ ਹਨ, ਜਿਥੋਂ ਦੀ ਹਾਲਾਤ ਬਹੁਤ ਖਸਤਾ ਹੋ ਗਈ ਹੈ।

ਇਸ ਪਟੀਸ਼ਨ ਉੱਤੇ ਹਾਈ ਕੋਰਟ ਨੇ ਪੰਜਾਬ ਸਰਕਾਰ, ਸਮਾਜਿਕ ਨਿਆ ਸਕੱਤਰ ਅਤੇ ਪੈਪਸੂ ਵਿਕਾਸ ਬੋਰਡ ਰਾਜਪੁਰਾ ਨੂੰ ਨੋਟਿਸ ਜਾਰੀ ਕਰਕੇ ਅੱਠ ਨਵੰਬਰ ਤੱਕ ਜਵਾਬ ਦੇਣ ਨੂੰ ਕਿਹਾ ਹੈ। ਪਟੀਸ਼ਨਰਾਂ ਨੇ ਮੰਗ ਕੀਤੀ ਕਿ ਜਿਨ੍ਹਾਂ ਕਮਰਿਆਂ ਵਿੱਚ ਉਹ ਰਹਿ ਰਹੇ ਹਨ, ਉਨ੍ਹਾਂ ਦਾ ਮਾਲਕਾਨਾ ਹੱਕ ਦਿੱਤਾ ਜਾਵੇ, ਤਾਂ ਕਿ ਉਹ ਉਸ ਨੂੰ ਰਹਿਣ ਲਾਇਕ ਬਣਾ ਸਕਣ ਜਾਂ ਸਰਕਾਰੀ ਯੋਜਨਾ ਹੇਠ ਰਾਜਪੁਰਾ ਵਿੱਚ ਫਲੈਟ ਦਿੱਤੇ ਜਾਣ, ਜਿਵੇਂ ਪਹਿਲਾਂ ਕੁਝ ਪਰਵਾਰਾਂ ਨੂੰ ਦਿੱਤੇ ਗਏ ਹਨ। ਇਨ੍ਹਾਂ ਪਟੀਸ਼ਨ ਕਰਤਾਵਾਂ ਦਾ ਕਹਿਣਾ ਹੈ ਕਿ ਉਹ ਉਨ੍ਹਾਂ ਪਰਵਾਰਾਂ ਵਿੱਚੋਂ ਹੈ, ਜਿਨ੍ਹਾਂ ਨੂੰ ਵੰਡ ਦੇ ਦੌਰਾਨ ਰਾਜਪੁਰਾ ਵਿੱਚ ਆਸ਼ਰਮ ਮਿਲਿਆ ਸੀ ਅਤੇ ਅੱਜ ਤੱਕ ਵੀ ਰੇਹੜੀ ਫੜੀ ਲਗਾ ਕੇ ਗੁਜ਼ਾਰਾ ਕਰਦੇ ਹਨ। ਪੰਜਾਬ ਸਰਕਾਰ ਨੇ ਸਾਲ 2007 ਵਿੱਚ ਰਾਜਪੁਰਾ ਵਿੱਚ ਹਾਊਸਿੰਗ ਪ੍ਰੋਜੈਕਟ ਬਣਾਇਆ ਸੀ, ਜਿਸ ਵਿੱਚ ਕਸਤੂਰਬਾ ਆਸ਼ਰਮ ਵਿੱਚ ਰਹਿੰਦੇ 46 ਲੋਕਾਂ ਨੂੰ ਫਲੈਟ ਦਿੱਤੇ ਜਾਣ ਦੀ ਗੱਲ ਮੁੱਖ ਮੰਤਰੀ ਨੇ ਨਿਸ਼ਚਿਤ ਕੀਤੀ ਸੀ। ਸਾਲ 2011 ਵਿੱਚ ਜਦ ਪ੍ਰੋਜੈਕਟ ਤਿਆਰ ਹੋਇਆ ਤਾਂ ਸਿਰਫ 14 ਪਰਵਾਰਾਂ ਦਾ ਪੁਨਰਵਾਸ ਕੀਤਾ ਗਿਆ। ਕੁਝ ਪਰਵਾਰ ਆਸ਼ਰਮ ਛੱਡ ਕੇ ਚਲੇ ਗਏ ਅਤੇ ਇਸ ਵੇਲੇ 22 ਲੋਕ ਬਚੇ ਹਨ।

# ਪੰਜਾਬ ਸਰਕਾਰ ਹਾਲੇ ਕੇਂਦਰੀ ਮੋਟਰ ਵਹੀਕਲ ਐਕਟ ਲਾਗੂ ਨਹੀਂ ਕਰੇਗੀ

### * ਪੁਰਾਣੇ ਹਿਸਾਬ ਨਾਲ ਸਸਤੇ ਜੁਰਮਾਨੇ ਹੀ ਚੱਲਣਗੇ

ਚੰਡੀਗੜ੍ਹ, 3 ਸਤੰਬਰ (ਪੋਸਟ ਬਿਊਰੋ)- ਕਈ ਹੋਰ ਰਾਜਾਂ ਤੋਂ ਬਾਅਦ ਪੰਜਾਬ ਸਰਕਾਰ ਨੇ ਵੀ ਕੇਂਦਰ ਵੱਲੋਂ ਪਾਸ ਕੀਤਾ ਗਿਆ ਨਵਾਂ ਮੋਟਰ ਵਹੀਕਲ ਐਕਟ ਲਾਗੂ ਨਾ ਕਰਨ ਦਾ ਫੈਸਲਾ ਲਿਆ ਹੈ।



ਪੰਜਾਬ ਦੇ ਟਰਾਂਸਪੋਰਟ ਵਿਭਾਗ ਦੇ ਅਨੁਸਾਰ ਪੁਰਾਣੇ ਹਿਸਾਬ ਨਾਲ ਹੀ ਟਰੈਫਿਕ ਉਲੰਘਣਾ ਦੇ ਜੁਰਮਾਨੇ ਹੋਣਗੇ। ਇਸ ਰਾਜ ਦੀ ਟਰਾਂਸਪੋਰਟ ਮੰਤਰੀ ਰਜ਼ੀਆ ਸੁਲਤਾਨਾ ਨੇ ਵੀ ਇਸ ਬਾਰੇ ਸਾਫ ਕਿਹਾ ਕਿ ਕੇਂਦਰੀ ਐਕਟ ਨੂੰ ਹਾਲੇ ਲਾਗੂ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਕਈ ਉਲੰਘਣਾ ਵਿੱਚ ਭਾਰੀ ਜੁਰਮਾਨੇ ਤੇ ਕੈਦ ਦੀ ਸਜ਼ਾ ਦਾ ਪ੍ਰਬੰਧ ਹੈ, ਜਿਸ ਕਰ ਕੇ ਇਨ੍ਹਾਂ ਨਵੇਂ ਨਿਯਮਾਂ ਨੂੰ ਲਾਗੂ ਕਰਨ ਤੋਂ ਪਹਿਲਾਂ ਰਾਜ ਸਰਕਾਰ ਨੂੰ ਸੋਚਣਾ ਪਵੇਗਾ। ਵਰਨਣ ਯੋਗ ਹੈ ਕਿ ਟਰਾਂਸਪੋਰਟ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਗੱਲਬਾਤ ਪਿੱਛੋਂ ਪੰਜਾਬ ਦੇ ਏ ਡੀ ਜੀ ਪੀ ਟਰੈਫਿਕ ਨੇ ਪਹਿਲਾਂ ਹੀ ਇਸ ਰਾਜ ਦੇ ਅਧਿਕਾਰੀਆਂ ਨੂੰ ਲਿਖਤੀ ਨਿਰਦੇਸ਼ ਜਾਰੀ ਕਰ ਦਿੱਤੇ ਹਨ ਕਿ ਪੰਜਾਬ ਵਿੱਚ ਪਹਿਲੇ ਮੋਟਰ ਵਹੀਕਲ ਐਕਟ ਮੁਤਾਬਕ ਹੀ ਪੁਰਾਣੇ ਨਿਯਮਾਂ ਅਨੁਸਾਰ ਚਲਾਨ ਕੱਟੇ ਜਾਣ, ਕਿਉਂਕਿ ਪੰਜਾਬ ਸਰਕਾਰ ਨੇ ਕੇਂਦਰੀ ਐਕਟ ਲਾਗੂ ਕਰਨ ਦਾ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ। ਟਰਾਂਸਪੋਰਟ ਅਧਿਕਾਰੀਆਂ ਦਾ ਕਹਿਣਾ ਹੈ ਕਿ ਰਾਜ ਵਿੱਚ ਕੇਂਦਰੀ ਮੋਟਰ ਵਹੀਕਲ ਲਾਗੂ ਕਰਨਾ ਜ਼ਰੂਰੀ ਨਹੀਂ ਹੈ। ਰਾਜ ਸਰਕਾਰ ਆਪਣੇ ਖੇਤਰ ਦੇ ਹਾਲਾਤ ਅਨੁਸਾਰ ਟਰੈਫਿਕ ਨਿਯਮ ਤੈਅ ਕਰ ਸਕਦੀ ਅਤੇ ਨਿਯਮਾਂ 'ਚ ਕਿਸੇ ਤਰ੍ਹਾਂ ਦੀ ਤਬਦੀਲੀ ਤੋਂ ਬਾਅਦ ਬਾਕਾਇਦਾ ਨੋਟੀਫਿਕੇਸ਼ਨ ਜਾਰੀ ਕਰ ਸਕਦੀ ਹੈ। ਖਾਸ ਗੱਲ ਇਹ ਹੈ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ 'ਚ ਕੇਂਦਰੀ ਮੋਟਰ ਵਹੀਕਲ ਐਕਟ 1 ਸਤੰਬਰ ਤੋਂ ਲਾਗੂ ਹੋ ਚੁੱਕਾ ਹੈ ਅਤੇ ਨਵੇਂ ਨਿਯਮਾਂ ਅਨੁਸਾਰ ਟਰੈਫਿਕ ਨਿਯਮਾਂ ਦੀ ਉਲੰਘਣ ਵਾਸਤੇ ਪਹਿਲਾਂ ਦੇ ਮੁਕਾਬਲੇ 10-10 ਗੁਣਾਂ ਵੱਧ ਜੁਰਮਾਨੇ ਵਸੂਲੇ ਜਾ ਰਹੇ ਹਨ। ਚੰਡੀਗੜ੍ਹ ਕੇਂਦਰ ਸ਼ਾਸਿਤ ਪ੍ਰਦੇਸ਼ ਹੋਣ ਕਾਰਨ ਕੇਂਦਰ ਸਰਕਾਰ ਦੇ ਅਧੀਨ ਹੈ।

# ਬਠਿੰਡਾ ਏਮਜ਼ ਬਾਰੇ ਹਰਸਿਮਰਤ ਕੌਰ ਬਾਅਦ ਦਾ ਦਾਅਵਾ ਫਿਰ ਖਾਲੀ ਗਿਆ

ਬਠਿੰਡਾ, 3 ਸਤੰਬਰ (ਪੋਸਟ ਬਿਊਰੋ)- ਬਠਿੰਡਾ ਏਮਜ਼ (ਆਲ ਇੰਡੀਆ ਮੈਡੀਕਲ ਇੰਸਟੀਚਿਊਟ) ਵਿੱਚ ਸੱਤ ਸਤੰਬਰ ਤੱਕ ਓ ਪੀ ਡੀ (ਰੋਜ਼ ਬਾਹਰੋਂ ਆਏ ਮਰੀਜ਼ਾਂ ਨੂੰ ਵੇਖਣ ਦਾ ਕੰਮ) ਸ਼ੁਰੂ ਕਰਨ ਬਾਰੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਦਾਅਵਾ ਫਿਰ ਫੇਲ ਹੁੰਦਾ ਜਾਪਦਾ ਹੈ।

ਵਰਨਣ ਯੋਗ ਹੈ ਕਿ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਇਸ ਤੋਂ ਪਹਿਲਾਂ ਅਪ੍ਰੈਲ 2019 ਤੱਕ ਏਥੋਂ ਦੀ ਓ ਪੀ ਡੀ ਸ਼ੁਰੂ ਕਰਨ ਅਤੇ ਜੁਲਾਈ 2019 ਤੱਕ ਕਲਾਸਾਂ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ, ਪਰ ਇਹ ਕਈ ਕਾਰਨਾਂ ਤੋਂ ਪੂਰਾ ਨਹੀਂ ਸੀ ਹੋ ਸਕਿਆ। ਇਸ ਦੇ ਲਈ ਕੇਂਦਰ ਅਤੇ ਪੰਜਾਬ ਸਰਕਾਰ ਦੇ ਮੰਤਰੀ ਇੱਕ ਦੂਸਰੇ ਨੂੰ ਦੋਸ਼ੀ ਠਹਿਰਾਉਂਦੇ ਰਹੇ ਸਨ। ਫਿਰ ਹਰਸਿਮਰਤ ਕੌਰ ਬਾਦਲ ਨੇ ਜੁਲਾਈ 2019 ਵਿੱਚ ਓ ਪੀ ਡੀ ਸ਼ੁਰੂ ਕਰਨ ਦੀ ਗੱਲ ਕਹੀ ਸੀ, ਪ੍ਰੰਤੂ ਇਸ ਮਹੀਨੇ ਵਿੱਚ ਵੀ ਕੰਮ ਪੂਰਾ ਨਹੀਂ ਸੀ ਹੋਇਆ ਤਾਂ ਉਸ ਨੇ ਸਤੰਬਰ 2019 ਦੇ ਪਹਿਲੇ ਹਫਤੇ ਤੱਕ ਟਾਲ ਦਿੱਤਾ। ਇਸ ਵਾਰ ਸੱਤ ਸਤੰਬਰ ਨੂੰ ਵੀ ਦਾਅਵਾ ਸਿਰੇ ਚੜ੍ਹਦਾ ਨਹੀਂ ਜਾਪਦਾ ਅਤੇ ਇਸ ਦੇ ਬਾਅਦ ਦੀ ਤਰੀਕ ਕੀ ਹੋਵੇਗੀ, ਇਸ ਦੀ ਕਿਸੇ ਨੂੰ ਵੀ ਜਾਣਕਾਰੀ ਨਹੀਂ ਹੈ। ਡਿਪਟੀ ਕਮਿਸ਼ਨਰ ਬੀ ਸ੍ਰੀਨਿਵਾਸਨ ਦਾ ਕਹਿਣਾ ਹੈ ਕਿ ਏਮਜ਼ ਵਿੱਚ ਓ ਪੀ ਡੀ ਸ਼ੁਰੂ ਕਰਨ ਬਾਰੇ ਉਨ੍ਹਾਂ ਕੋਲ ਕੋਈ ਸੂਚਨਾ ਨਹੀਂ ਆਈ, ਅਜੇ ਤੱਕ ਇਸ ਦੇ ਬਾਰੇ ਵਿੱਚ ਕੋਈ ਨੋਟੀਫਿਕੇਸ਼ਨ ਵੀ



ਜਾਰੀ ਨਹੀਂ ਹੋ ਸਕਿਆ। ਬਠਿੰਡਾ ਏਮਜ਼ ਦਾ ਨੀਂਹ ਪੱਥਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 25 ਨਵੰਬਰ 2016 ਨੂੰ ਰੱਖਿਆ ਸੀ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ 24 ਅਗਸਤ ਨੂੰ 2018 ਨੂੰ ਰਸਮੀ ਤੌਰ ਕੰਮ ਸ਼ੁਰੂ ਕਰਵਾਇਆ ਸੀ। ਉਂਜ ਇਹ ਪਤਾ ਲੱਗਾ ਹੈ ਕਿ ਇਸ 20 ਸਤੰਬਰ ਤੱਕ ਡਾਕਟਰਾਂ ਦੀ ਤੈਨਾਤੀ ਕਰਨ ਦਾ ਟੀਚਾ ਹੈ, ਪਰ ਅਜੇ ਤੱਕ ਓ ਪੀ ਡੀ ਬਿਲਡਿੰਗ ਦੀ ਉਸਾਰੀ ਦਾ ਕੰਮ ਚੱਲਦਾ ਹੈ, ਜਿਹੜਾ ਵੀਹ ਸਤੰਬਰ ਤੱਕ ਪੂਰਾ ਹੋਣ ਦੀ ਆਸ ਹੈ। ਸੀਵਰੇਜ ਅਤੇ ਬਿਜਲੀ ਗ੍ਰਿਡ ਬਣ ਚੁੱਕਾ ਹੈ, ਪਰ ਇਸ ਨੂੰ ਅੱਗੇ ਕੁਨੈਕਸ਼ਨ ਦੇਣਾ ਬਾਕੀ ਰਹਿੰਦਾ ਹੈ। ਇਸ ਦੇ ਲਈ ਏਮਜ਼ ਵਿੱਚ ਰੋਜ਼ ਕੰਮ ਕੀਤਾ ਜਾ ਰਿਹਾ ਹੈ। ਏਮਜ਼ ਵਿੱਚ ਭਰਤੀ ਲਈ ਡਾਕਟਰਾਂ ਦੀ ਵਾਕ ਇਨ ਇੰਟਰਵਿਊ 29 ਅਗਸਤ ਨੂੰ ਪੀ ਜੀ ਆਈ ਨੇ ਲਈ ਸੀ। ਇਸ ਦੇ ਤਹਿਤ ਵੱਖ ਵੱਖ ਵਿਭਾਗਾਂ ਵਿੱਚ 25 ਡਾਕਟਰ ਲਾਏ ਜਾਣੇ ਹਨ, ਜਿਨ੍ਹਾਂ ਵਿੱਚ 23 ਸੀਨੀਅਰ ਰੈਜੀਡੈਂਟਸ ਅਤੇ ਦੋ ਸੀਨੀਅਰ ਡੈਮੋਂਸਟ੍ਰੇਟਰ ਡਾਕਟਰ ਹੋਣਗੇ।

## ਮਾਂ ਦੇ ਨਾਜਾਇਜ਼ ਸੰਬੰਧਾਂ ਕਾਰਨ 14 ਸਾਲਾ ਬੱਚੇ ਦਾ ਕਤਲ

ਮੁਕਤਸਰ ਸਾਹਿਬ, 3 ਸਤੰਬਰ (ਪੋਸਟ ਬਿਊਰੋ)- ਜ਼ਿਲ੍ਹਾ ਮੁਕਤਸਰ ਸਾਹਿਬ ਦੇ ਥਾਣਾ ਲੱਖੇਵਾਲੀ ਦੇ ਪਿੰਡ ਚੱਕ ਤਾਮਕੋਟ ਵਿਖੇ ਆਪਣੀ ਮਾਂ ਦੇ ਨਾਜਾਇਜ਼ ਸੰਬੰਧਾਂ ਕਾਰਨ 14 ਸਾਲ ਦੇ ਇੱਕ ਬੱਚੇ ਦਾ ਕਤਲ ਹੋ ਗਿਆ ਹੈ।

ਐੱਸ ਐੱਸ ਪੀ ਦਫਤਰ ਮੁਕਤਸਰ ਸਾਹਿਬ ਵਿਖੇ ਐਸ ਪੀ ਮਨਵਿੰਦਰਬੀਰ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕਿ ਪਿੰਡ ਚੱਕ ਤਾਮਕੋਟ ਦੇ ਸ਼ੇਰ ਸਿੰਘ ਪੁੱਤਰ ਸੁੱਚਾ ਸਿੰਘ ਦੇ ਦੱਸਣ ਮੁਤਾਬਕ ਉਸ ਦਾ ਪੋਤਰਾ ਦਿਲਪ੍ਰੀਤ ਸਿੰਘ ਉਮਰ 14 ਸਾਲ ਘਰੋਂ ਗਾਇਬ ਹੈ ਤੇ ਉਸ ਨੂੰ ਸ਼ੱਕ ਹੈ ਕਿ ਉਸ ਦੀ ਨੂੰਹ ਵੀਰਪਾਲ ਕੌਰ ਪਤਨੀ ਬਿੱਟੂ ਸਿੰਘ ਤੇ ਲਖਵਿੰਦਰ ਸਿੰਘ ਪੁੱਤਰ ਤਾਰਾ ਸਿੰਘ ਨੇ ਦਿਲਪ੍ਰੀਤ ਨੂੰ ਅਗਵਾ ਕੀਤਾ ਹੈ। ਬਾਅਦ ਵਿੱਚ ਮੰਡੀ ਅਰਨੀਵਾਲਾ ਨੇੜਿਓਂ ਨਹਿਰ ਵਿੱਚ ਦਿਲਪ੍ਰੀਤ ਸਿੰਘ ਦੀ ਲਾਸ਼ ਮਿਲ ਗਈ। ਥਾਣਾ ਲੱਖੇਵਾਲੀ ਦੀ ਮੁਖੀ ਇੰਸਪੈਕਟਰ ਬੇਅੰਤ ਕੌਰ ਨੇ ਜਾਂਚ ਕੀਤੀ। ਲੱਖੇਵਾਲੀ ਪੁਲਸ ਨੇ ਜੁਰਮ ਵਿੱਚ ਵਾਧਾ ਕਰ ਕੇ ਧਾਰਾ 302 ਲਾ ਦਿੱਤੀ ਅਤੇ ਇਸ ਬਾਰੇ ਲਖਵਿੰਦਰ ਸਿੰਘ ਤੇ ਉਸ ਦੇ ਬੇਟੇ ਜਸਮੀਤ ਸਿੰਘ ਉਰਫ ਜੱਜ ਵਿਰੁੱਧ ਕੇਸ ਦਰਜ ਕਰ ਕੇ ਲਖਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਜਸਮੀਤ ਸਿੰਘ ਅਜੇ ਫਰਾਰ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਅਜੇ ਜਾਂਚ ਜਾਰੀ ਹੈ ਅਤੇ ਹੋਰ ਕਈ ਕੁਝ ਸਾਹਮਣੇ ਆਵੇਗਾ। ਦੋਸ਼ੀ ਨੇ ਮੰਨਿਆ ਕਿ ਉਨ੍ਹਾਂ ਨੇ ਦਿਲਪ੍ਰੀਤ ਨੂੰ ਸ਼ਰਾਬ ਪਿਲਾ ਕੇ ਨਹਿਰ ਵਿੱਚ ਸੁੱਟਿਆ। ਅਜੇ ਤੱਕ ਵੀਰਪਾਲ ਕੌਰ ਨੂੰ ਪਰਚੇ ਵਿੱਚ ਨਹੀਂ ਰੱਖਿਆ ਗਿਆ। ਲਖਵਿੰਦਰ ਸਿੰਘ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤੇ ਦੋ ਦਿਨਾਂ ਲਈ ਪੁਲਸ ਰਿਮਾਂਡ 'ਤੇ ਹੈ।

## ਨਕਲੀ ਵੀਜ਼ਾ ਦਿਖਾ ਕੇ ਜੀਜਾ-ਸਾਲੇ ਨਾਲ 26 ਲੱਖ ਰੁਪਏ ਦੀ ਠੱਗੀ ਬਾਰੇ ਪਰਚਾ ਦਰਜ

ਜਲੰਧਰ, 3 ਸਤੰਬਰ (ਪੋਸਟ ਬਿਊਰੋ)- ਲਾਡੋਵਾਲੀ ਰੋਡ ਦੇ ਕੀਰਤੀ ਨਗਰ ਦੇ ਵਾਸੀ ਦਵਿੰਦਰ ਸਿੰਘ ਅਤੇ ਉਸ ਦੇ ਸਾਲੇ ਕੁਲਵਿੰਦਰ ਸਿੰਘ ਨੂੰ ਆਸਟਰੇਲੀਆ ਭੇਜਣ ਦੇ ਨਾਂਅ ਉਤੇ 26 ਲੱਖ ਦੀ ਕਬੂਤਰਬਾਜ਼ੀ ਦੇ ਕੇਸ ਵਿੱਚ ਸ਼ਾਸਤਰੀ ਨਗਰ ਦੇ ਵਸਨੀਕ ਹਰਸ਼ ਚੱਢਾ ਅਤੇ ਉਨ੍ਹਾਂ ਦੀ ਪਤਨੀ ਰਿੰਕੀ ਚੱਢਾ 'ਤੇ ਕੇਸ ਦਰਜ ਕੀਤਾ ਗਿਆ ਹੈ।



ਪਤਾ ਲੱਗਾ ਹੈ ਕਿ ਦੋਸ਼ੀ ਮੰਨੇ ਗਏ ਚੱਢਾ ਜੋੜੇ ਨੇ ਸ਼ਿਕਾਇਤ ਕਰਤਾ ਨੂੰ ਨਕਲੀ ਵੀਜ਼ਾ ਦਿੱਤਾ ਸੀ। ਥਾਣਾ ਬਸਤੀ ਬਾਵਾ ਖੇਲ ਦੇ ਐੱਸ ਐੱਚ ਓ ਮੇਜਰ ਸਿੰਘ ਨੇ ਕਿਹਾ ਕਿ ਦੋਸ਼ੀ ਜੋੜੇ ਦੀ ਤਲਾਸ਼ ਵਿੱਚ ਪੁਲਸ ਛਾਪੇ ਮਾਰ ਰਹੀ ਹੈ। ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੂੰ ਦੋ ਫਰਵਰੀ ਨੂੰ ਦਿੱਤੀ ਸ਼ਿਕਾਇਤ ਵਿੱਚ ਕੀਰਤੀ ਨਗਰ ਦੇ ਵਾਸੀ ਦਵਿੰਦਰ ਸਿੰਘ ਨੇ ਕਿਹਾ ਸੀ ਕਿ ਉਹ ਅਤੇ ਉਸ ਦਾ ਸਾਲਾ ਕੁਲਵਿੰਦਰ ਸਿੰਘ ਪਿੰਡ ਧਨੋਆ (ਹੁਸ਼ਿਆਰਪੁਰ) ਵਿਦੇਸ਼ ਜਾਣਾ ਚਾਹੁੰਦੇ ਸਨ। ਨਵੰਬਰ 2016 ਵਿੱਚ ਉਨ੍ਹਾਂ ਦੀ ਮੁਲਾਕਾਤ ਹਰਸ਼ ਚੱਢਾ ਤੇ ਉਸ ਦੀ ਪਤਨੀ ਨਾਲ ਹੋਈ। ਉਨ੍ਹਾਂ ਦੀ ਇੱਕ ਤੀਸਰੀ ਮਹਿਲਾ ਪਾਰਟਨਰ ਵੀ ਸੀ। ਤਿੰਨਾਂ ਨੇ ਯਕੀਨ ਦਿਵਾਇਆ ਕਿ 26 ਲੱਖ ਦੇਣ 'ਤੇ ਤਿੰਨ ਮਹੀਨੇ ਵਿੱਚ ਆਸਟਰੇਲੀਆ ਵਿੱਚ ਵਰਕ ਪਰਮਿਟ 'ਤੇ ਭੇਜ ਦੇਣਗੇ। ਫਰਵਰੀ 2017 ਵਿੱਚ ਈ-ਵੀਜ਼ਾ ਦਿਖਾ ਕੇ ਪੂਰੇ 26 ਲੱਖ ਲੈ ਲਏ। ਬਾਅਦ ਵਿੱਚ ਪਤਾ ਲੱਗਾ ਕਿ ਨਕਲੀ ਈ-ਵੀਜ਼ਾ ਦਿਖਾ ਕੇ 26 ਲੱਖ ਦੀ ਠੱਗੀ ਕੀਤੀ ਗਈ ਹੈ। ਦੋਸ਼ੀਆਂ ਨੇ ਪਾਸਪੋਰਟ ਵੀ ਆਪਣੇ ਕੋਲ ਰੱਖ ਲਿਆ। ਪੈਸੇ ਵਾਪਸ ਕਰਨ ਦਾ ਦਬਾਅ ਬਣਾਉਣ ਉਤੇ ਦੋਸ਼ੀਆਂ ਨੇ 2-2 ਲੱਖ ਦੇ ਦੋ ਚੈੱਕ ਅਤੇ ਪਾਸਪੋਰਟ ਵਾਪਸ ਕਰ ਦਿੱਤਾ। ਇੱਕ ਚੈੱਕ ਪਾਸ ਹੋ ਗਿਆ ਤਾਂ ਦੂਸਰਾ ਬਾਊਂਸ ਹੋ ਗਿਆ, ਪਰ ਗੱਲ ਕਰਨ 'ਤੇ ਦੋਸ਼ੀ ਅੱਖਾਂ ਦਿਖਾਉਣ ਲੱਗੇ। ਆਰਥਿਕ ਅਪਰਾਧ ਸੈੱਲ ਨੂੰ ਚੱਢਾ ਜੋੜੇ ਦੇ ਖਿਲਾਫ 26 ਲੱਖ ਰੁਪਏ ਦੀ ਕਬੂਤਰਬਾਜ਼ੀ ਦੇ ਸਬੂਤ ਮਿਲੇ ਹਨ।

## ਹਾਈ ਕੋਰਟ ਵਿੱਚ ਨੌਕਰੀ ਲਵਾਉਣ ਦੇ ਝਾਂਸੇ ਨਾਲ ਠੱਗੀ ਕਰਨ ਵਾਲਾ ਸੁਪਰਡੈਂਟ ਗ੍ਰਿਫਤਾਰ

ਐਸ ਏ ਐਸ ਨਗਰ, 3 ਸਤੰਬਰ (ਪੋਸਟ ਬਿਊਰੋ)- ਹਾਈ ਕੋਰਟ 'ਚ ਨੌਕਰੀ ਲਵਾਉਣ ਦਾ ਝਾਂਸਾ ਦੇ ਕੇ 20 ਲੱਖ ਰੁਪਏ ਦੀ ਧੋਖਾਧੜੀ ਦੇ ਦੋਸ਼ 'ਚ ਗ੍ਰਿਫਤਾਰ ਸੋਨਪ੍ਰੀਤ ਕੌਰ ਦੀ ਪੁੱਛਗਿੱਛ ਤੋਂ ਕਰਨ ਬਾਅਦ ਪੁਲਸ ਨੇ ਬਾਰ ਕੌਂਸਲ ਚੰਡੀਗੜ੍ਹ ਦੇ ਦਫਤਰ 'ਚ ਬਤੌਰ ਸੁਪਰਡੈਂਟ ਨੌਕਰੀ ਕਰਦੇ ਕਰਮ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਕਰਮ ਸਿੰਘ 'ਤੇ ਦੋਸ਼ ਹੈ ਕਿ ਸੋਨਪ੍ਰੀਤ ਕੌਰ ਵੱਲੋਂ ਕੀਤੀ ਜਾਂਦੀ ਧੋਖਾਧੜੀ ਵਿੱਚ ਉਹ ਬਰਾਬਰ ਦਾ ਹਿੱਸੇਦਾਰ ਸੀ। ਪੁਲਸ ਨੇ ਕਰਮ ਸਿੰਘ ਅਤੇ ਪਹਿਲਾਂ ਤੋਂ ਪੁਲਸ ਰਿਮਾਂਡ ਉਤੇ ਚੱਲ ਰਹੀ ਸੋਨਪ੍ਰੀਤ ਕੌਰ ਨੂੰ ਅਦਾਲਤ 'ਚ ਪੇਸ਼ ਕੀਤਾ, ਜਿਥੋਂ ਦੋਵਾਂ ਨੂੰ ਇੱਕ ਦਿਨ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਗਿਆ। ਉਕਤ ਮਾਮਲੇ 'ਚ ਕਰਮ ਸਿੰਘ ਦੀ ਗ੍ਰਿਫਤਾਰੀ ਦੀ ਪੁਸ਼ਟੀ ਕਰਦਿਆਂ ਐਸ ਆਈ ਰਾਮ ਦਰਸ਼ਨ ਨੇ ਦੱਸਿਆ ਕਿ ਉਕਤ ਮੁਲਜ਼ਮਾਂ ਕੋਲੋਂ ਧੋਖਾਧੜੀ ਕਰਕੇ ਲੋਕਾਂ ਤੋਂ ਲਏ ਗਏ ਲੱਖਾਂ ਰੁਪਏ ਬਰਾਮਦ ਕਰਨੇ ਹਾਲੇ ਬਾਕੀ ਹਨ। ਪੁਲਸ ਰਿਮਾਂਡ ਦੌਰਾਨ ਇਹ ਗੱਲ ਪਤਾ ਲੱਗੀ ਕਿ ਸੋਨਪ੍ਰੀਤ ਕੌਰ ਦੇ ਖਾਤੇ ਵਿੱਚੋਂ ਕਰੀਬ 88 ਲੱਖ ਰੁਪਏ ਦਾ ਲੈਣ ਦੇਣ ਹੋਇਆ ਹੈ। ਪੁਲਸ ਜਾਂਚ 'ਚ ਇਹ ਵੀ ਸਾਹਮਣੇ ਆਇਆ ਹੈ ਕਿ ਉਨ੍ਹਾਂ ਮੁਲਜ਼ਮਾਂ ਨੇ ਲਖਵਿੰਦਰ ਸਿੰਘ ਪਿੰਡ ਮਟੌਰ ਨਾਲ ਹੀ ਠੱਗੀ ਨਹੀਂ ਮਾਰੀ, ਹੋਰ ਵੀ ਕਈ ਲੋਕਾਂ ਨਾਲ ਹਾਈ ਕੋਰਟ 'ਚ ਨੌਕਰੀ ਲਗਵਾਉਣ ਦੇ ਨਾਂਅ 'ਤੇ ਧੋਖਾਧੜੀ ਕੀਤੀ ਹੈ। ਪੁਲਸ ਮੁਤਾਬਕ ਉਕਤ ਧੋਖਾਧੜੀ ਦੇ ਜ਼ਿਆਦਾਤਰ ਸ਼ਿਕਾਰ ਬਠਿੰਡਾ ਜ਼ਿਲੇ ਨਾਲ ਸੰਬਧਤ ਹਨ। ਇਸ ਤੋਂ ਇਹ ਵੀ ਜਾਣਕਾਰੀ ਹਾਸਲ ਹੋਈ ਹੈ ਕਿ ਕਈ ਸ਼ਿਕਾਇਤ ਕਰਤਾ ਬਠਿੰਡਾ ਜ਼ਿਲੇ ਦੇ ਕਿਸੇ ਥਾਣੇ 'ਚ ਸ਼ਿਕਾਇਤ ਦੇ ਕੇ ਆਏ ਹਨ। ਵਰਨਣ ਯੋਗ ਹੈ ਕਿ ਸੋਨਪ੍ਰੀਤ ਕੌਰ ਪਹਿਲਾਂ ਬਾਰ ਕੌਂਸਲ ਦੇ ਦਫਤਰ 'ਚ ਕੰਮ ਕਰਦੀ ਦੱਸੀ ਗਈ ਹੈ ਅਤੇ ਪੀੜਤ ਲੋਕਾਂ ਨੂੰ ਇਹ ਝਾਂਸਾ ਦਿੱਤਾ ਜਾਂਦਾ ਸੀ ਕਿ ਉਸ ਦੀ ਹਾਈ ਕੋਰਟ 'ਚ ਭਰਤੀ ਕਰਨ ਵਾਲੇ ਬੋਰਡ ਨਾਲ ਮੁਲਾਕਾਤ ਹੋ ਗਈ ਹੈ ਤੇ ਨੌਕਰੀ ਲੱਗਣ ਲਈ ਉਨ੍ਹਾਂ ਨੂੰ ਲੱਖਾਂ ਰੁਪਏ ਦੇਣੇ ਪੈਣਗੇ। ਥਾਣਾ ਮਟੌਰ ਦੀ ਪੁਲਸ ਨੇ ਇਸ ਬਾਰੇ ਕੇਸ ਦਰਜ ਕੀਤਾ ਹੈ।

## ਪੰਜਾਬ ਯੂਨੀਵਰਸਿਟੀ ਦੀ ਕਲੋਨ ਵੈਬਸਾਈਟ ਨੇ ਭਾਜੜਾਂ ਪਾਈਆਂ

ਪਟਿਆਲਾ, 3 ਸਤੰਬਰ (ਪੋਸਟ ਬਿਊਰੋ)- ਪੰਜਾਬੀ ਯੂਨੀਵਰਸਿਟੀ ਦੀ ਕਲੋਨ ਵੈਬਸਾਈਟ ਬਾਰੇ ਗੱਲ ਸਾਹਮਣੇ ਆਉਣ ਤੋਂ ਬਾਅਦ ਯੂਨੀਵਰਸਿਟੀ ਦੇ ਅਧਿਕਾਰੀਆਂ 'ਚ ਤਰਥੱਲੀ ਮਚੀ ਹੋਈ ਹੈ। ਇਹ ਭੇਦ ਉਦੋਂ ਖੁੱਲ੍ਹਾ ਜਦੋਂ ਵੱਡੀ ਗਿਣਤੀ 'ਚ ਵਿਦਿਆਰਥੀ ਉਸ ਕੋਰਸ 'ਚ ਦਾਖਲਾ ਲੈਣ ਆਏ, ਜਿਹੜੇ ਯੂਨੀਵਰਸਿਟੀ 'ਚ ਚੱਲਦੇ ਹੀ ਨਹੀਂ। ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਆਪਣੇ ਪੱਧਰ ਉੱਤੇ ਉਕਤ ਵੈਬਸਾਈਟ ਦੀ ਜਾਂਚ ਕਰਨ ਤੋਂ ਬਾਅਦ ਕੱਲ੍ਹ ਐਸ ਐਸ ਪੀ ਮਨਦੀਪ ਸਿੰਘ ਸਿੱਧੂ ਨੂੰ ਕਾਰਵਾਈ ਕਰਨ ਲਈ ਸ਼ਿਕਾਇਤ ਦੇ ਦਿੱਤੀ ਗਈ ਹੈ।

ਪਤਾ ਲੱਗਾ ਹੈ ਕਿ ਇੱਕ ਹਫਤਾ ਪਹਿਲਾਂ ਪੰਜਾਬੀ ਯੂਨੀਵਰਸਿਟੀ ਵਿਖੇ ਵੱਡੀ ਗਿਣਤੀ 'ਚ ਵਿਦਿਆਰਥੀ ਕੋਰਸ 'ਚ ਦਾਖਲਾ ਲੈਣ ਆਏ ਸਨ, ਪਰ ਯੂਨੀਵਰਸਿਟੀ ਜਾ ਕੇ ਪਤਾ ਲੱਗਾ ਕਿ ਅਜਿਹਾ ਕੋਰਸ ਹੀ ਨਹੀਂ ਹੈ। ਜਦੋਂ ਵਿਦਿਆਰਥੀਆਂ ਨੇ ਇਕੱਠੇ ਹੋ ਕੇ ਦਾਖਲਾ ਸੈਲ ਦੇ ਅਧਿਕਾਰੀਆਂ ਕੋਲ ਪਹੁੰਚ ਕੀਤੀ ਤਾਂ ਉਨ੍ਹਾਂ ਨੇ ਦੇਖਿਆ ਕਿ ਪੰਜਾਬੀ ਯੂਨੀਵਰਸਿਟੀ ਦੀ ਅਸਲ ਵੈਬਸਾਈਟ ਨਾਲ ਮਿਲਦੀ ਜੁਲਦੀ ਇਕ ਹੋਰ ਵੈਬਸਾਈਟ ਚੱਲ ਰਹੀ ਹੈ। ਅਧਿਕਾਰੀਆਂ ਨੇ ਕਲੋਨ ਵੈਬਸਾਈਟ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਉਕਤ ਵੈਬਸਾਈਟ ਦਾ ਡੋਮੇਨ ਪਿਛਲੇ ਸਾਲ ਨਵੰਬਰ ਵਿੱਚ ਬਣਾਇਆ ਗਿਆ ਅਤੇ ਇਸ ਸਾਲ ਮਾਰਚ 'ਚ ਲਾਂਚ ਕੀਤਾ ਗਿਆ ਸੀ। ਇਸ ਵੈਬਸਾਈਟ ਨੂੰ ਹੈਬੋਵਾਲ ਕਲਾਂ, ਜਲੰਧਰ ਅਤੇ ਲੁਧਿਆਣਾ ਤੋਂ ਚਲਾਇਆ ਜਾ ਰਿਹਾ ਹੈ। ਵੈਬਸਾਈਟ ਯੂਨੀਵਰਸਿਟੀ ਦੀ ਰਜਿਸਟਰਡ ਵੈਬਸਾਈਟ ਦੀ ਹੀ ਕਾਪੀ ਹੈ, ਜੋ ਅਸਲ ਵੈਬਸਾਈਟ ਦੀਆਂ ਫੋਟੋ, ਲੋਗੋ ਅਤੇ ਫੌਂਟ ਫਾਰਮੈਟ ਲੈ ਕੇ ਬਣਾਈ ਗਈ ਹੈ। ਅਧਿਕਾਰੀਆਂ ਦੇ ਮੁਤਾਬਕ ਵੈਬਸਾਈਟ ਬਣਾਉਣ ਵਾਲਿਆਂ ਨੇ ਜਾਅਲੀ ਸਰਟੀਫਿਕੇਟ ਵਿੱਚ ਡੀ ਐਮ ਸੀ ਦੇ ਅਧਿਕਾਰਤ ਫਾਰਮੈਟ ਦੀ ਵਰਤੋਂ ਕੀਤੀ ਹੈ। ਦਸਤਾਵੇਜ਼ਾਂ 'ਤੇ ਰਜਿਸਟਰੇਸ਼ਨ ਨੰਬਰ ਵੱਖਰੇ ਹਨ। ਉਨ੍ਹਾਂ 'ਚ ਨਾਮਜ਼ਦ ਵਿਦਿਆਰਥੀ ਵੀ ਯੂਨੀਵਰਸਿਟੀ ਦੀ ਸੂਚੀ 'ਚ ਨਹੀਂ ਹਨ।

# ਪਤੀ ਨਾਲ ਕੇਸ ਵਿੱਚ ਪਤਨੀ ਦੀ ਲੁਕਣਮੀਟੀ ਕਾਰਨ ਹਾਈ ਕੋਰਟ ਦਾ ਰੁਖ ਸਖਤ

### * ਪਤਨੀ ਦੀ ਵਾਰ-ਵਾਰ ਗੈਰਹਾਜ਼ਰੀ 'ਤੇ ਪਤੀ ਦੀ ਤਲਾਕ ਦੀ ਮੰਗ ਮਨਜ਼ੂਰ

ਚੰਡੀਗੜ੍ਹ, 3 ਸਤੰਬਰ (ਪੋਸਟ ਬਿਊਰੋ)- ਪੰਜਾਹ ਹਰਿਆਣਾ ਹਾਈ ਕੋਰਟ ਨੇ ਵਿਆਹ ਦੇ ਝਗੜੇ ਦੇ ਕੇਸ ਨੂੰ ਅਦਾਲਤ ਵਿੱਚ ਲਟਕਾਉਣ ਅਤੇ ਸੁਣਵਾਈ ਦੌਰਾਨ ਲਗਾਤਾਰ ਗੈਰ ਹਾਜ਼ਰ ਰਹਿਣ 'ਤੇ ਪਤਨੀ ਦੇ ਖਿਲਾਫ ਸਖਤ ਟਿੱਪਣੀ ਕੀਤੀ ਹੈ ਕਿ ਅਦਾਲਤ ਵਿੱਚ ਅਤੇ ਸਮਝੌਤੇ ਦੀਆਂ ਤਰੀਕਾਂ 'ਤੇ ਪੇਸ਼ ਨਾ ਹੋ ਕੇ ਪਤਨੀ ਨੇ ਆਪਣੇ ਤਲਾਕ ਨੂੰ ਖੁਦ ਸੱਦਾ ਦਿੱਤਾ ਹੈ, ਜਿਸ ਕਾਰਨ ਪਤੀ ਵੱਲੋਂ ਤਲਾਕ ਦੀ ਮੰਗ ਪ੍ਰਵਾਨ ਕਰਨੀ ਜਾਇਜ਼ ਹੈ।

ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਬਠਿੰਡਾ ਅਦਾਲਤ ਵੱਲੋਂ ਦਿੱਤੇ ਹੁਕਮਾਂ ਖਿਲਾਫ ਫੌਜ ਦੇ ਇੱਕ ਲੈਫਟੀਨੈਂਟ ਕਰਨਲ ਨੇ ਅਰਜ਼ੀ ਦਿੱਤੀ ਸੀ। ਇਸ ਅਰਜ਼ੀ ਨੂੰ ਜਸਟਿਸ ਰਾਜਨ ਗੁਪਤਾ ਅਤੇ ਜਸਟਿਸ ਮੰਜਰੀ ਨਹਿਰੂ ਕੌਲ ਦੀ ਬੈਂਚ ਨੇ ਪ੍ਰਵਾਨ ਕਰ ਲਿਆ ਅਤੇ ਕਿਹਾ ਕਿ ਇਸ ਕੇਸ ਵਿੱਚ ਪਤਨੀ ਨੇ ਟਰਾਇਲ



ਕੋਰਟ ਵਿੱਚ ਜਿੱਥੇ ਪਤੀ ਦੇ ਨਾਲ ਰਹਿਣ ਦਾ ਬਿਆਨ ਦਿੱਤਾ, ਉਥੇ ਸਮਝੌਤੇ ਅਤੇ ਹਾਈ ਕੋਰਟ ਵਿੱਚ ਲਗਾਤਾਰ ਸੁਣਵਾਈਆਂ ਵਿੱਚ ਪੇਸ਼ ਨਾ ਹੋ ਕੇ ਸਾਬਿਤ ਕਰ ਦਿੱਤਾ ਕਿ ਉਹ ਪਤਨੀ ਦੇ ਤੌਰ ਉੱਤੇ ਆਪਣੇ ਫਰਜ਼ਾਂ ਨੂੰ ਨਿਭਾਉਣ ਦੀ ਇੱਛੁਕ ਨਹੀਂ ਹੈ। ਲੈਫਟੀਨੈਂਟ ਕਰਨਲ ਨੇ ਬਠਿੰਡਾ ਕੋਰਟ ਦੇ ਉਨ੍ਹਾਂ ਹੁਕਮਾਂ ਨੂੰ ਚੁਣੌਤੀ ਦਿੱਤੀ ਸੀ, ਜਿਨ੍ਹਾਂ ਵਿੱਚ ਟਰਾਇਲ ਕੋਰਟ ਨੇ ਕਰਨਲ ਤੇ ਉਸ ਦੀ ਪਤਨੀ ਦੀ ਸਮਝੌਤੇ ਨਾਲ ਤਲਾਕ ਦੀ ਅਰਜ਼ੀ ਰੱਦ ਕਰ ਦਿੱਤੀ ਸੀ। ਬਠਿੰਡਾ ਅਦਾਲਤ ਨੇ ਇਹ ਹੁਕਮ ਉਸ ਵੇਲੇ ਦਿੱਤੇ ਸਨ, ਜਦੋਂ ਜ਼ਿਲ੍ਹਾ ਅਦਾਲਤ ਵਿੱਚ ਪਤਨੀ ਨੇ ਆਪਸੀ ਸਮਝੌਤੇ ਨਾਲ ਤਲਾਕ ਤੋਂ ਨਾਂਹ ਕਰ ਦਿੱਤੀ ਸੀ। ਜ਼ਿਲ੍ਹਾ ਅਦਾਲਤ ਨੇ 11 ਨਵੰਬਰ 2016 ਨੂੰ ਦੋਵਾਂ ਦੀ ਸਹਿਮਤੀ ਨਾਲ ਤਲਾਕ ਦੀ ਅਰਜ਼ੀ ਨੂੰ ਰੱਦ ਕਰ ਦਿੱਤਾ ਸੀ। ਇਸ ਜ਼ਿਲਾ ਅਦਾਲਤ ਦੇ ਫੈਸਲੇ ਖਿਲਾਫ ਦਾਇਰ ਕੀਤੀ ਗਈ ਅਪੀਲ 'ਤੇ ਹਾਈ ਕੋਰਟ ਨੇ 16 ਦਸੰਬਰ 2017 ਨੂੰ ਇਸ ਕੇਸ ਨੂੰ ਆਪਸੀ ਸਮਝੌਤੇ ਨਾਲ ਸੁਲਝਾਉਣ ਲਈ ਸਾਂਝ ਕੇਂਦਰ ਭੇਜ ਦਿੱਤਾ ਸੀ। ਅਪੀਲ ਕਰਤਾ ਦੀ ਪਤਨੀ ਦੇ ਸਾਂਝ ਕੇਂਦਰ ਵਿੱਚ ਪੇਸ਼ ਨਾ ਹੋਣ 'ਤੇ ਕੇਸ ਫਿਰ ਹਾਈ ਕੋਰਟ ਪਹੁੰਚ ਗਿਆ, ਜਿੱਥੇ ਲਗਾਤਾਰ ਸੱਤ ਸੁਣਵਾਈਆਂ 'ਤੇ ਪੇਸ਼ ਨਾ ਹੋ ਕੇ ਲਗਭਗ ਦੋ ਸਾਲ ਬਾਅਦ ਬੀਤੀ 23 ਜੁਲਾਈ ਨੂੰ ਉਸ ਔਰਤ ਨੇ ਹਾਈ ਕੋਰਟ ਵਿੱਚ ਪੇਸ਼ ਹੋ ਕੇ ਦਾਅਵਾ ਕੀਤਾ ਕਿ ਉਹ ਆਪਣੇ ਪਤੀ ਨਾਲ ਅਸਾਮ ਵਿੱਚ ਉਸ ਦੀ ਕੰਪਨੀ ਵਿੱਚ ਰਹੇਗੀ। ਮਹਿਲਾ ਵੱਲੋਂ ਲਗਾਤਾਰ ਅਦਾਲਤ ਵਿੱਚ ਗੈਰ ਹਾਜ਼ਰ ਰਹਿਣ ਉਤੇ ਅਦਾਲਤ ਨੇ ਸਖਤ ਟਿੱਪਣੀ ਕਰਦੇ ਹੋਏ ਕਿਹਾ ਕਿ ਉਸ ਦਾ ਵਤੀਰਾ ਉਸ ਦੇ ਆਪਣੀ ਇੱਛਾ ਨਾਲ ਪਤੀ ਨੂੰ ਛੱਡਣ ਅਤੇ ਉਸ ਦੇ ਪ੍ਰਤੀ ਕਰੂਰਤਾ ਕਰਨ ਦਾ ਸੰਕੇਤ ਦਿੰਦਾ ਹੈ। ਸਾਂਝ ਕੇਂਦਰ ਅਤੇ ਹਾਈ ਕੋਰਟ ਵਿੱਚ ਗੈਰ ਹਾਜ਼ਰ ਰਹਿ ਕੇ ਮਹਿਲਾ ਨੇ ਮਾਮਲੇ ਨੂੰ ਲੰਬਾ ਖਿੱਚਣ ਅਤੇ ਆਪਣੇ ਪਤੀ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੋਰਟ ਨੇ ਦੋਵਾਂ ਦੇ ਤਲਾਕ ਦੇ ਹੁਕਮ ਦਿੰਦੇ ਹੋਏ ਕਿਹਾ ਹੈ ਕਿ ਅਪੀਲ ਕਰਤਾ ਪਤੀ ਆਪਣੇ ਵਾਅਦੇ ਦੇ ਅਨੁਸਾਰ ਐਲੀਮਨੀ ਦੇ ਸੱਤ ਲੱਖ ਰੁਪਏ ਇੱਕ ਮਹੀਨੇ ਵਿੱਚ ਮਹਿਲਾ ਦੇ ਬੈਂਕ ਖਾਤੇ ਵਿੱਚ ਜਮ੍ਹਾ ਕਰਵਾ ਦੇਵੇਗਾ।

## ਪੱਤਰਕਾਰਾਂ ਨਾਲ ਲੜਨ ਕਾਰਨ ਗਾਇਕ ਸਿੰਘਾ ਖਿਲਾਫ ਕੇਸ ਦਰਜ

ਬਟਾਲਾ, 3 ਸਤੰਬਰ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਨਵੇਂ ਖੁੱਲ੍ਹੇ ਇਕ ਸੈਲੂਨ ਦਾ ਉਦਘਾਟਨ ਕਰਨ ਆਏ ਪੰਜਾਬੀ ਗਾਇਕ ਦੇ ਬਾਊਂਸਰਾਂ ਵੱਲੋਂ ਕੁਝ ਪੱਤਰਕਾਰਾਂ ਨਾਲ ਕੀਤੀ ਬਦਸਲੂਕੀ ਅਤੇ ਕੁੱਟਮਾਰ ਦੇ ਦੋਸ਼ ਵਿੱਚ ਥਾਣਾ ਸਿਟੀ ਪੁਲਸ ਨੇ ਗਾਇਕ ਮਨਪ੍ਰੀਤ ਸਿੰਘ ਸਿੰਘਾ, ਉਸ ਦੇ ਬਾਡੀਗਾਰਡਾਂ ਤੇ ਇਕ ਸੈਲੂਨ ਐਂਡ ਸਪਾ ਇੰਸਟੀਚਿਊਟ ਦੇ ਡਾਇਰੈਕਟਰ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਪੁਲਸ ਨੇ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ।



ਇਸ ਸਬੰਧ ਵਿੱਚ ਥਾਣਾ ਸਿਟੀ ਦੇ ਐਸ ਆਈ ਸੁਖਦੇਵ ਸਿੰਘ ਨੇ ਦੱਸਿਆ ਕਿ ਪੱਤਰਕਾਰ ਅਮਨਦੀਪ ਸਿੰਘ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ ਕਿ ਉਹ ਅਤੇ ਉਸ ਦੇ ਸਾਥੀ ਜਲੰਧਰ ਰੋਡ 'ਤੇ ਇਕ ਸੈਲੂਨ ਐਂਡ ਸਪਾ ਇੰਸਟੀਚਿਊਟ ਦੇ ਉਦਘਾਟਨ ਦੀ ਕਰਵਰੇਜ ਕਰਨ ਗਏ ਸਨ, ਜਿਥੇ ਉਦਘਾਟਨ ਕਰਨ ਦੇ ਲਈ ਪੰਜਾਬੀ ਗਾਇਕ ਮਨਪ੍ਰੀਤ ਸਿੰਘ ਸਿੰਗਾ ਆਇਆ ਹੋਇਆ ਸੀ ਅਤੇ ਉਸ ਦੇ ਨਾਲ ਉਸ ਦੇ ਬਾਡੀਗਾਰਡ ਸਨ। ਉਸ ਨੇ ਦੱਸਿਆ ਕਿ ਇਸੇ ਦੌਰਾਨ ਕਿਸੇ ਕਾਰਨ ਤੋਂ ਬਿਨਾਂ ਹੀ ਸੈਲੂਨ ਦੇ ਮਾਲਕ ਦੀ ਸ਼ਹਿ ਉਤੇ ਸਿੰਗਾ ਦੇ ਬਾਡੀਗਾਰਡਾਂ ਨੇ ਉਸ ਨੂੰ ਧੱਕੇ ਮਾਰੇ ਤੇ ਧਮਕੀਆਂ ਦਿੱਤੀਆਂ। ਇਸੇ ਦੌਰਾਨ ਗੈਰਕਾਨੂੰਨੀ ਢੰਗ ਨਾਲ ਸੜਕ ਰੋਕੇ ਜਾਣ ਕਾਰਨ ਇਕ ਐਂਬੂਲੈਂਸ ਵੀ ਫਸ ਗਈ ਸੀ। ਏ ਐਸ ਆਈ ਨੇ ਦੱਸਿਆ ਕਿ ਪੁਲਸ ਨੇ ਸੈਲੂਨ ਦੇ ਡਾਇਰੈਕਟਰ ਹਰਜਸਦੀਪ ਸਿੰਘ, ਗਾਇਕ ਸਿੰਗਾ ਸਣੇ ਸੱਤ ਜਣਿਆਂ ਖਿਲਾਫ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕਰ ਲਿਆ ਗਿਆ ਹੈ। 'ਸਿੰਗਾ ਬੋਲਦਾਂ ਵੀਰੇ', 'ਜਿੰਦਾਂ ਦੇ ਕੇਸਾਂ ਵਿੱਚੋਂ ਯਾਰ ਬਰੀ ਹੋਇਆ ਇਹ ਤਾਂ ਯਾਰ ਤੇਰੇ ਦਾ ਗੁੱਡ ਲੱਕ ਬੱਲੀਏ' ਨਾਲ ਮਨਪ੍ਰੀਤ ਸਿੰਘ ਸਿੰਗਾ ਕਾਫੀ ਮਸ਼ਹੂਰ ਹੋ ਗਿਆ ਸੀ।

## ਮੋਬਾਈਲ ਸੁਣਦੇ ਜੇ ਸੀ ਬੀ ਚਾਲਕ ਨੇ ਦੋ ਬੱਚੇ ਕੁਚਲੇ, ਇੱਕ ਦੀ ਮੌਤ

ਲੁਧਿਆਣਾ, 3 ਸਤੰਬਰ (ਪੋਸਟ ਬਿਊਰੋ)- ਮੋਬਾਈਲ 'ਤੇ ਗੱਲ ਕਰਦੇ ਜਾ ਰਹੇ ਜੇ ਬੀ ਸੀ ਦੇ ਡਰਾਈਵਰ ਨੇ ਸਾਈਕਲ ਦੀ ਚੇਨ ਚੜ੍ਹਾ ਰਹੇ ਦੋ ਬੱਚਿਆਂ ਨੂੰ ਲਪੇਟ ਵਿੱਚ ਲੈ ਲਿਆ, ਜਿਸ ਕਾਰਨ ਇੱਕ ਬੱਚੇ ਤੁਸ਼ਾਰ (8) ਦੀ ਮੌਕੇ ਉਤੇ ਮੌਤ ਹੋ ਗਈ ਅਤੇ ਦੂਸਰਾ ਜ਼ਖਮੀ ਹੋ ਗਿਆ। ਜ਼ਖਮੀ ਨੂੰ ਸਿਵਲ ਹਸਪਤਾਲ ਭਰਤੀ ਕਰਾਇਆ ਗਿਆ ਹੈ। ਇਹ ਹਾਦਸਾ ਫੋਕਲ ਪੁਆਇੰਟ ਦੇ ਫੇਜ਼-4 ਵਿੱਚ ਮਸਜਿਦ ਦੇ ਨੇੜੇ ਹੋਇਆ।

ਮ੍ਰਿਤਕ ਤੁਸ਼ਾਰ ਦੇ ਪਿਤਾ ਸੁਰਿੰਦਰ ਪਲੰਬਰ ਹਨ। ਉਸ ਦੀ ਮਾਂ ਕਾਜਲ ਅਤੇ ਉਸ ਦਾ ਇੱਕ ਭਰਾ ਅਤੇ ਭੈਣ ਹਨ। ਉਹ ਦੁਪਹਿਰ ਵੇਲੇ ਗੁਆਂਢ ਵਿੱਚ ਰਹਿੰਦੇ ਆਪਣੇ ਦੋਸਤ ਰਾਜ ਨਾਲ ਉਸ ਦੀ ਸਾਈਕਲ ਉਤੇ ਦੁਕਾਨ




'ਤੇ ਸਾਮਾਨ ਲੈਣ ਚੱਲਿਆ ਸੀ। ਕੁਝ ਦੂਰ ਜਾ ਕੇ ਉਸ ਦੇ ਦੋਸਤ ਦੇ ਸਾਈਕਲ ਦੀ ਚੇਨ ਉਤਰ ਗਈ। ਦੋਵੇਂ ਰਸਤੇ ਵਿੱਚ ਸਾਈਕਲ ਦੀ ਚੇਨ ਚੜ੍ਹਾਉਣ ਲੱਗ ਗਏ। ਇਸ ਦੌਰਾਨ ਪਿੱਛੋਂ ਜੇ ਸੀ ਬੀ ਆਈ, ਜਿਸ ਦਾ ਚਾਲਕ ਇੱਕ ਹੱਥ ਨਾਲ ਚਲਾ ਰਿਹਾ ਸੀ ਤੇ ਦੂਸਰੇ ਹੱਥ ਨਾਲ ਮੋਬਾਈਲ 'ਤੇ ਗੱਲ ਕਰ ਰਿਹਾ ਸੀ। ਉਸ ਨੇ ਦੋਵਾਂ ਬੱਚਿਆਂ ਉਤੇ ਜੇ ਸੀ ਬੀ ਚੜ੍ਹਾ ਦਿੱਤੀ, ਜਿਸ ਕਾਰਨ ਤੁਸ਼ਾਰ ਦੀ ਮੌਕੇ ਉੱਤੇ ਮੌਤ ਹੋ ਗਈ, ਜਦ ਕਿ ਦੂਸਰਾ ਵੱਚਾ ਰਾਜ ਜ਼ਖਮੀ ਹੋ ਗਿਆ। ਜੇ ਸੀ ਬੀ ਚਾਲਕ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਲੋਕਾਂ ਨੇ ਉਸ ਨੂੰ ਫੜ ਕੇ ਕਾਫੀ ਕੁੱਟਮਾਰ ਕੀਤੀ। ਥਾਣਾ ਮੋਤੀ ਨਗਰ ਦੇ ਐਡੀਸ਼ਨਲ ਐੱਸ ਐੱਚ ਓ ਸੁਰਿੰਦਰ ਸਿੰਘ ਦਾ ਕਹਿਣਾ ਹੈ ਕਿ ਮ੍ਰਿਤਕ ਬੱਚੇ ਦੇ ਪਰਵਾਰ ਵਾਲਿਆਂ ਦੇ ਬਿਆਨਾਂ 'ਤੇ ਕਾਰਵਾਈ ਕੀਤੀ ਜਾ ਰਹੀ ਹੈ।

# ਖੇਤ ਵਿੱਚੋਂ ਫੋਟੋਗ੍ਰਾਫਰ ਦੀ ਲਾਸ਼ ਮਿਲੀ

ਆਦਮਪੁਰ ਦੋਆਬਾ, 3 ਸਤੰਬਰ (ਪੋਸਟ ਬਿਊਰੋ)- ਪਿੰਡ ਮੁਰਾਦਪੁਰ ਨੇੜੇ ਇਕ ਆਦਮੀ ਦੀ ਭੇਤਭਰੇ ਹਾਲਤ ਵਿੱਚ ਮੌਤ ਹੋ ਜਾਣ ਬਾਰੇ ਅਲਾਵਲਪੁਰ ਚੌਕੀ ਦੇ ਇੰਚਾਰਜ ਹਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਬਿਆਸ ਪਿੰਡ ਤੋਂ ਜਾਂਦੇ ਰਾਹ ਵਿੱਚ ਕਿਸੇ ਵਿਅਕਤੀ ਦੀ ਲਾਸ਼ ਪਈ ਹੈ।



ਪੁਲਸ ਦੇ ਦੱਸਣ ਅਨੁਸਾਰ ਮ੍ਰਿਤਕ ਦੀ ਪਛਾਣ ਪ੍ਰਦੀਪ ਕੁਮਾਰ (32) ਪੁੱਤਰ ਬਲਬੀਰ ਚੰਦ ਵਾਸੀ ਮੁਰਾਦਪੁਰ ਵਜੋਂ ਹੋਈ ਹੈ। ਮ੍ਰਿਤਕ ਪ੍ਰਦੀਪ ਕੁਮਾਰ ਦੇ ਪਿਤਾ ਬਲਬੀਰ ਚੰਦ ਨੇ ਦੱਸਿਆ ਕਿ ਪ੍ਰਦੀਪ ਆਪਣੀ ਮਾਸੀ ਕੋਲ ਅੰਮ੍ਰਿਤਸਰ ਰਹਿੰਦਾ ਸੀ ਤੇ ਉਥੇ ਫੋਟੋਗ੍ਰਾਫੀ ਦਾ ਕੰਮ ਕਰਦਾ ਸੀ। ਉਸ ਨੇ ਦੱਸਿਆ ਕਿ ਕੱਲ੍ਹ ਉਸ ਦੀ ਭੂਆ ਦੇ ਮੁੰਡੇ ਦਾ ਵਿਆਹ ਹੋਣ ਕਾਰਨ ਉਹ ਬੀਤੀ ਰਾਤ ਪਿੰਡ ਆ ਰਿਹਾ ਸੀ ਤੇ ਘਰ ਨਹੀਂ ਪਹੁੰਚਿਆ। ਉਸ ਨੂੰ ਸ਼ੱਕ ਹੈ ਕਿ ਉਸ ਦਾ ਕਤਲ ਕੀਤਾ ਗਿਆ ਹੈ। ਉਸ ਨੇ ਪ੍ਰਦੀਪ ਕੁਮਾਰ ਦੇ ਕਾਤਲਾਂ ਨੂੰ ਫੜਨ ਦੀ ਮੰਗ ਕੀਤੀ ਹੈ।



## ਵਿਦਿਆਰਥੀਆਂ ਨੂੰ ਨਮਕ ਰੋਟੀ ਦੀ ਖਬਰ ਛਾਪਣ ਵਾਲੇ ਪੱਤਰਕਾਰ ਉੱਤੇ ਕੇਸ ਦਰਜ

ਲਖਨਊ, 3 ਸਤੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਸਰਕਾਰ ਦੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਦਿੱਤੇ ਜਾਂਦੇ ਖਾਣੇ ਵਿੱਚ ਨਮਕ-ਰੋਟੀ ਖਵਾਏ ਜਾਣ ਦੀ ਖਬਰ ਛਾਪਣ ਵਾਲੇ ਪੱਤਰਕਾਰ ਅਤੇ ਪਿੰਡ ਦੇ ਸਰਪੰਚ ਵਿਰੁੱਧ ਸਰਕਾਰ ਦਾ ਅਕਸ ਖਰਾਬ ਕਰਨ ਦੇ ਦੋਸ਼ ਹੇਠ ਕੇਸ ਦਰਜ ਕਰ ਲਿਆ ਹੈ।



ਇਹ ਘਟਨਾ ਉੱਤਰ ਪ੍ਰਦੇਸ਼ ਦੇ ਮਿਰਜ਼ਾਪੁਰ ਦੀ ਹੈ। ਓਥੇ ਇੱਕ ਪੱਤਰਕਾਰ ਨੇ ਪਿਛਲੇ ਦਿਨੀਂ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਨੂੰ ਨਮਕ-ਰੋਟੀ ਖਵਾਏ ਜਾਣ ਦੀ ਖਬਰ ਦਿੱਤੀ ਸੀ। ਉਸ ਨੇ ਆਪਣੇ ਵਿਰੁੱਧ ਲੱਗੇ ਦੋਸ਼ਾਂ ਨੂੰ ਗਲਤ ਦੱਸ ਕੇ ਕਿਹਾ ਕਿ ਖਬਰ ਵਿੱਚ ਕੁਝ ਵੀ ਝੂਠ ਨਹੀਂ ਸੀ ਅਤੇ ਉਸ ਵਿਰੁੱਧ ਪਰਚਾ ਪੱਤਰਕਾਰੀ 'ਤੇ ਹਮਲਾ ਹੈ। ਰਾਜ ਦੇ ਮੁੱਢਲੀ ਸਿਖਿਆ ਮੰਤਰੀ ਸਤੀਸ਼ ਦਿਵੇਦੀ ਨੇ ਕਿਹਾ ਕਿ ਭ੍ਰਿਸ਼ਟਾਚਾਰ ਜਾਂ ਤੱਥ ਪੇਸ਼ ਕਰਨ ਕਰ ਕੇ ਪੱਤਰਕਾਰ 'ਤੇ ਕਾਰਵਾਈ ਨਹੀਂ ਹੋਣੀ ਚਾਹੀਦੀ, ਜੇ ਅਜਿਹਾ ਹੋਇਆ ਤਾਂ ਉਹ ਇਸ ਮਾਮਲੇ ਨੂੰ ਵੇਖਣਗੇ। ਪੁਲਸ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਹਿੰਦੀ ਅਖਬਾਰ ਦੇ ਸਥਾਨਕ ਪੱਤਰਕਾਰ ਪਵਨ ਕੁਮਾਰ ਜੈਸਵਾਲ, ਸਿਊਰ ਪਿੰਡ ਦੇ ਸਰਪੰਚ ਰਾਜ ਕੁਮਾਰ ਤੇ ਹੋਰਾਂ ਵਿਰੁੱਧ ਸਾਜ਼ਿਸ਼ ਰਚਣ, ਸਰਕਾਰੀ ਕੰਮ ਵਿੱਚ ਅੜਿੱਕਾ ਪਾਉਣ, ਝੂਠੀ ਖਬਰ ਲਾਉਣ ਅਤੇ ਸਰਕਾਰ ਦਾ ਅਕਸ ਖਰਾਬ ਕਰਨ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਗਿਆ ਹੈ। ਇਹ ਕੇਸ ਬੀਤੀ 31 ਅਗਸਤ ਨੂੰ ਜ਼ਿਲ੍ਹਾ ਸਿਖਿਆ ਅਧਿਕਾਰੀ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਸੀ, ਜਿਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਪੱਤਰਕਾਰ ਨੇ ਸਾਜ਼ਿਸ਼ ਤਹਿਤ ਸਕੂਲ ਵਿੱਚ ਵੀਡੀਓ ਤਿਆਰ ਕੀਤੀ ਤਾਂ ਕਿ ਸਰਕਾਰ ਨੂੰ ਬਦਨਾਮ ਕੀਤਾ ਜਾ ਸਕਦੇ।

ਇਸ ਦੌਰਾਨ ਮੰਤਰੀ ਨੇ ਕਿਹਾ ਕਿ ਉਹ ਵੇਖਣਗੇ ਕਿ ਅਸਲੀ ਮਾਮਲਾ ਕੀ ਹੈ। ਪੱਤਰਕਾਰ ਨੇ ਕਿਹਾ ਕਿ ਉਹ ਦਿੱਲੀ ਦੇ ਅਖਬਾਰ ਦਾ ਪੱਤਰਕਾਰ ਹੈ। ਉਸ ਨੂੰ ਸਕੂਲ ਵਿੱਚ ਦਿੱਤੇ ਜਾਂਦੇ ਮਿੱਡ ਡੇਅ ਮੀਲ ਕਈ ਖ਼ਾਮੀਆਂ ਦੀ ਸੂਚਨਾ ਮਿਲੀ ਸੀ। ਇਹ ਵੀ ਪਤਾ ਲੱਗਾ ਸੀ ਕਿ ਸਕੂਲ ਵਿੱਚ ਬੱਚਿਆਂ ਨੂੰ ਕਦੇ ਕਦੇ ਨਮਕ ਰੋਟੀ ਜਾਂ ਨਮਕ ਚਾਵਲ ਦਿੱਤੇ ਜਾਂਦੇ ਹਨ। ਵੀਡੀਓ ਵਿੱਚ ਔਰਤ ਬੱਚਿਆਂ ਨੰ ਰੋਟੀ ਦੇ ਰਹੀ ਹੈ ਤੇ ਇੱਕ ਵਿਅਕਤੀ ਥਾਲੀ ਵਿੱਚ ਲੂਣ ਵਰਤਾ ਰਿਹਾ ਹੈ। ਨਿਯਮਾਂ ਮੁਤਾਬਕ ਦਾਲ, ਚਾਵਲ, ਰੋਟੀ, ਸਬਜੀ, ਫਲ ਆਦਿ ਦਿੱਤੇ ਜਾਣੇ ਚਾਹੀਦੇ ਸਨ।

## ਅਜੀਤ ਜੋਗੀ ਦਾ ਪੁੱਤਰ ਗ਼ਲਤ ਸੂਚਨਾ ਦੇਣ ਦੇ ਦੋਸ਼ ਵਿੱਚ ਗ੍ਰਿਫ਼ਤਾਰ

ਬਿਲਾਸਪੁਰ, 3 ਸਤੰਬਰ (ਪੋਸਟ ਬਿਊਰੋ)- ਛੇ ਸਾਲ ਪਹਿਲਾਂ ਦੀਆਂ ਚੋਣਾਂ ਦੇ ਦੌਰਾਨ ਆਪਣੇ ਜਨਮ ਸਥਾਨ ਬਾਰੇ ਗ਼ਲਤ ਜਾਣਕਾਰੀ ਦੇਣ ਦੇ ਦੋਸ਼ ਵਿੱਚ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਅਜੀਤ ਜੋਗੀ ਦੇ ਪੁੱਤਰ ਸਾਬਕਾ ਵਿਧਾਇਕ ਅਮਿਤ ਜੋਗੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ।

ਛੱਤੀਸਗੜ੍ਹ ਦੇ ਬਿਲਾਸਪੁਰ ਦੀ ਪੁਲਿਸ ਨੇ ਮੰਗਲਵਾਰ ਨੂੰ ਅਮਿਤ ਜੋਗੀ ਨੂੰ ਉਨ੍ਹਾਂ ਦੇ ਘਰ ਮਰਵਾਹੀ ਸਦਨ ਤੋਂ ਗ੍ਰਿਫ਼ਤਾਰ ਕਰਨ ਪਿੱਛੋਂ ਦੱਸਿਆ ਕਿ ਅਮਿਤ ਜੋਗੀ ਉੱਤੇ ਸਾਲ 2013 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਚੋਣ ਕਮਿਸ਼ਨ ਨੂੰ ਆਪਣੇ ਜਨਮ ਸਥਾਨ ਬਾਰੇ ਗ਼ਲਤ ਸੂਚਨਾ ਦੇਣ ਦਾ ਦੋਸ਼ ਹੈ। ਪਤਾ ਲੱਗਾ ਹੈ ਕਿ ਇਸ ਸਾਲ ਫਰਵਰੀ ਵਿੱਚ ਭਾਜਪਾ ਵੱਲੋਂ ਮਰਵਾਹੀ ਵਿਧਾਨ ਸਭਾ ਸੀਟ ਤੋਂ ਉਮੀਦਵਾਰ ਸਮੀਰਾ ਪੈਕਰਾ ਨੇ ਜ਼ਿਲ੍ਹੇ ਦੇ ਗੌਰੇਲਾ ਥਾਣਾ ਵਿੱਚ ਅਮਿਤ ਜੋਗੀ ਉੱਤੇ ਕੇਸ ਦਰਜ ਕਰਵਾਇਆ ਅਤੇ ਦੋਸ਼ ਲਾਇਆ ਸੀ ਕਿ ਅਮਿਤ ਜੋਗੀ ਨੇ ਸੰਨ 2013 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਆਪਣੇ ਹਲਫ਼ੀਆ ਬਿਆਨ ਵਿੱਚ ਜਨਮ ਸਥਾਨ ਗੌਰੇਲਾ ਖੇਤਰ ਦਾ ਸਾਰਬਹਰਾ ਪਿੰਡ ਦੱਸਿਆ, ਪਰ ਉਹ ਅਮਰੀਕਾ ਵਿੱਚ ਪੈਦਾ ਹੋਏ ਸਨ। ਸ਼ਿਕਾਇਤ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜੋਗੀ ਨੇ ਗ਼ਲਤ ਤਰੀਕੇ ਨਾਲ ਸਾਰਬਹਰਾ ਪਿੰਡ ਵਿੱਚ ਜਨਮ ਹੋਣ ਦਾ ਸਰਟੀਫਿਕੇਟ ਬਣਵਾਇਆ ਸੀ। ਪੁਲਿਸ ਮੁਤਾਬਕ ਅਮਿਤ ਜੋਗੀ ਨੂੰ ਛੇ ਮਹੀਨੇ ਲੰਮੀ ਜਾਂਚ ਦੇ ਪਿੱਛੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਸੰਨ 2013 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਮਰਵਾਹੀ ਵਿਧਾਨ ਸਭਾ ਹਲਕੇ ਵਿੱਚੋਂ ਭਾਜਪਾ ਦੀ ਉਮੀਦਵਾਰ ਸਮੀਰਾ ਨੇ ਅਮਿਤ ਜੋਗੀ ਦੀ ਜਾਤ ਅਤੇ ਉਨ੍ਹਾਂ ਦੇ ਜਨਮ ਸਥਾਨ ਦੇ ਸੰਬੰਧ ਵਿੱਚ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ, ਜਿਸ ਨੂੰ ਅਦਾਲਤ ਨੇ ਇਸ ਸਾਲ ਜਨਵਰੀ ਵਿੱਚ ਛੱਤੀਸਗੜ੍ਹ ਦੀ ਓਦੋਂ ਦੀ ਵਿਧਾਨ ਸਭਾ ਦੀ ਮਿਆਦ ਖਤਮ ਹੋਣ ਦਾ ਹਵਾਲਾ ਦਿੰਦੇ ਹੋਏ ਰੱਦ ਕਰ ਦਿੱਤਾ ਸੀ। ਸਮੀਰਾ ਨਾਲ ਕੁਝ ਲੋਕਾਂ ਨੇ ਬੀਤੇ ਸੋਮਵਾਰ ਬਿਲਾਸਪੁਰ ਪੁਲਿਸ ਮੁਖੀ ਦੇ ਦਫਤਰ ਦੇ ਸਾਹਮਣੇ ਅਮਿਤ ਜੋਗੀ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤਾ ਸੀ।

# ਹਰਿਆਣਾ ਦੇ ਮੁੱਖ ਮੰਤਰੀ ਖੱਟਰ ਵੱਲੋਂ ਕਿਸਾਨਾਂ ਦੇ ਵਿਆਜ ਅਤੇ ਜ਼ੁਰਮਾਨੇ ਦੀ ਰਕਮ ਮੁਆਫ

ਚੰਡੀਗੜ੍ਹ, 3 ਸਤੰਬਰ (ਪੋਸਟ ਬਿਊਰੋ)- ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕੋਆਪਰੇਟਿਵ ਬੈਂਕਾਂ ਦੇ ਕਰਜ਼ਾਈ ਕਿਸਾਨਾਂ ਨੂੰ ਰਾਹਤ ਦੇਂਦੇ ਹੋਏ ਇੱਕਮੁੱਠ ਨਿਪਟਾਰਾ ਸਕੀਮ ਹੇਠ ਉਨ੍ਹਾਂ ਦੇ ਫਸਲਾਂ ਕਰਜ਼ਿਆਂ ਦੇ ਵਿਆਜ ਅਤੇ ਜ਼ੁਰਮਾਨੇ ਦੀ 4750 ਕਰੋੜ ਰੁਪਏ ਦੀ ਰਕਮ ਮੁਆਫ ਕਰਨ ਦਾ ਐਲਾਨ ਕੀਤਾ ਹੈ, ਜਿਸ ਨਾਲ ਇਸ ਰਾਜ ਦੇ ਲਗਭਗ ਦਸ ਲੱਖ ਕਿਸਾਨਾਂ ਨੂੰ ਫਾਇਦਾ ਹੋਣ ਦਾ ਦਾਅਵਾ ਕੀਤਾ ਗਿਆ ਹੈ।



ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਇਹ ਐਲਾਨ ਜਨ ਆਸ਼ੀਰਵਾਦ ਯਾਤਰਾ ਦੇ ਦੌਰਾਨ ਕੱਲ੍ਹ ਭਿਵਾਨੀ ਦੇ ਲੋਕ ਨਿਰਮਾਣ ਰੈਸਟ ਹਾਊਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਕੀਤਾ। ਉਨ੍ਹਾਂ ਨੇ ਕਿਹਾ ਕਿ ਪ੍ਰਾਇਮਰੀ ਕੋਆਪਰੇਟਿਵ ਖੇਤੀਬਾੜੀ ਸੋਸਾਈਟੀਜ਼, ਜ਼ਿਲਾ ਸੈਂਟਰਲ ਕੋਆਪਰੇਟਿਵ ਬੈਂਕ, ਹਰਿਆਣਾ ਭੂਮੀ ਸੁਧਾਰ ਅਤੇ ਵਿਕਾਸ ਬੈਂਕ ਦੇ ਕਰਜ਼ਾਈ ਕਿਸਾਨਾਂ ਨੂੰ ਲਾਭ ਦਿੱਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਾਇਮਰੀ ਖੇਤੀਬਾੜੀ ਅਤੇ ਕੋਆਪਰੇਟਿਵ ਸੋਸਾਈਟੀਜ਼ ਤੋਂ ਲਗਭਗ 13 ਲੱਖ ਕਿਸਾਨਾਂ ਨੇ ਕਰਜ਼ੇ ਲਏ ਹੋਏ ਹਨ, ਜਿਨ੍ਹਾਂ ਵਿੱਚੋਂ 8.25 ਲੱਖ ਕਿਸਾਨਾਂ ਦੇ ਖਾਤੇ ਐਨ ਪੀ ਏ ਹੋ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਫਸਲੀ ਕਰਜ਼ਿਆਂ ਦੀ ਚਾਰ ਫੀਸਦੀ ਵਿਆਜ ਦਰ ਰਾਜ ਸਰਕਾਰ ਅਤੇ ਤਿੰਨ ਫੀਸਦੀ ਨਬਾਰਡ ਦਾ ਅਦਾਰਾ ਆਪਣੇ ਸਿਰ ਲੈਂਦਾ ਹੈ। ਫਸਲੀ ਕਰਜ਼ਿਆਂ ਦੀ ਅਦਾਇਗੀ ਸਮੇਂ 'ਤੇ ਨਾ ਕਰਨ ਵਾਲੇ ਕਿਸਾਨਾਂ 'ਤੇ ਪੰਜ ਫੀਸਦੀ ਲਾਏ ਜਾਣ ਵਾਲੀ ਪੈਨਲਟੀ ਵੀ ਮੁਆਫ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਰਜ਼ਾਈ ਕਿਸਾਨਾਂ ਨੂੰ 2500 ਕਰੋੜ ਰੁਪਏ ਦਾ ਲਾਭ ਮਿਲੇਗਾ। ਇਸ ਦੇ ਤਹਿਤ ਪੰਜ ਲੱਖ ਰੁਪਏ ਤੋਂ ਘੱਟ ਲਈ ਦੋ ਫੀਸਦੀ, ਪੰਜ ਤੋਂ ਦਸ ਲੱਖ ਰੁਪਏ ਤੱਕ ਦੇ ਕਰਜ਼ੇ ਲਈ ਪੰਜ ਅਤੇ 10 ਲੱਖ ਤੋਂ ਵੱਧ ਦੇ ਕਰਜ਼ੇ ਲਈ ਦਸ ਫੀਸਦੀ ਦੀ ਦਰ ਨਾਲ ਸਾਧਾਰਨ ਵਿਆਜ ਲਿਆ ਜਾਵੇਗਾ, ਜਿਸ ਨਾਲ ਕਿਸਾਨਾਂ ਨੂੰ 1800 ਕਰੋੜ ਰੁਪਏ ਦਾ ਫਾਇਦਾ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਤੀਜੀ ਸ਼੍ਰੇਣੀ 'ਚ ਹਰਿਆਣਾ ਭੂਮੀ ਸੁਧਾਰ ਅਤੇ ਵਿਕਾਸ ਬੈਂਕ (ਲੈਂਡ ਮਾਰਗੇਜ ਬੈਂਕ) ਦੇ 1.10 ਲੱਖ ਕਰਜ਼ਾਈ ਕਿਸਾਨ ਹਨ, ਜਿਨ੍ਹਾਂ ਵਿੱਚੋਂ 70 ਹਜ਼ਾਰ ਕਿਸਾਨਾਂ ਦੇ ਖਾਤੇ ਐਨ ਪੀ ਏ ਐਲਾਨ ਕੀਤੇ ਜਾ ਚੁੱਕੇ ਹਨ। ਇਨ੍ਹਾਂ ਕਿਸਾਨਾਂ ਦੀ ਅਸਲ ਕਰਜ਼ਾ ਰਕਮ 750 ਕਰੋੜ ਰੁਪਏ ਹੈ ਅਤੇ ਵਿਆਜ ਤੇ ਜ਼ੁਰਮਾਨੇ ਦੀ ਰਕਮ 1400 ਕਰੋੜ ਰੁਪਏ ਭੁਗਤਾਨ ਯੋਗ ਬਣਦਾ ਹੈ। ਇਨ੍ਹਾਂ ਬੈਂਕਾਂ ਦੇ ਕਿਸਾਨਾਂ ਦਾ ਪੂਰਾ ਪੈਨਲ ਵਿਆਜ ਮੁਆਫ ਕਰ ਦਿੱਤਾ ਜਾਵੇਗਾ। ਕਿਸਾਨਾਂ ਨੂੰ ਸਿਰਫ ਆਮ ਵਿਆਜ ਦਾ 50 ਫੀਸਦੀ ਹੀ ਦੇਣਾ ਹੋਵੇਗਾ, ਜਿਸ ਨਾਲ ਕਰਜ਼ਾਈ ਕਿਸਾਨਾਂ ਨੂੰ 450 ਕਰੋੜ ਰੁਪਏ ਦਾ ਲਾਭ ਮਿਲੇਗਾ।

## ਰੋਮਿਲਾ ਥਾਪਰ ਕੇਸ ਵਿੱਚ ਜੇ ਐਨ ਯੂ ਨੂੰ ਸਫਾਈ ਦੇਣੀ ਪਈ

ਨਵੀਂ ਦਿੱਲੀ, 3 ਸਤੰਬਰ (ਪੋਸਟ ਬਿਊਰੋ)- ਇਤਿਹਾਸ ਬਾਰੇ ਪ੍ਰੋਫੈਸਰ ਰੋਮਿਲਾ ਥਾਪਰ (87 ਸਾਲ) ਕੋਲੋਂ ਐਮਿਰੇਟਸ ਸਟੇਟਸ ਦੀ ਸਮੀਖਿਆ ਲਈ ਜੀਵਨ ਦਾ ਵੇਰਵਾ ਮੰਗਣ ਉਤੇ ਵਿਵਾਦ ਖੜਾ ਹੋਣ ਤੋਂ ਬਾਅਦ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਪ੍ਰਸ਼ਾਸਨ ਨੇ ਸਫਾਈ ਦਿੱਤੀ ਅਤੇ ਕਿਹਾ ਹੈ ਕਿ ਥਾਪਰ ਹੀ ਨਹੀਂ, ਉਨ੍ਹਾਂ ਸਮੇਤ 12 ਐਮਿਰੇਟਸ ਪ੍ਰੋਫੈਸਰਾਂ ਤੋਂ ਵੇਰਵੇ ਮੰਗੇ ਗਏ ਹਨ, ਕਿਉਂਕਿ ਪਿਛਲੇ ਸਾਲ ਅਗਸਤ 'ਚ ਕਾਰਜਕਾਰੀ ਕੌਂਸਲ (ਈ ਸੀ ) ਦੀ ਬੈਠਕ ਵਿੱਚ ਨਿਯਮਾਂ 'ਚ ਬਦਲਾਅ ਕੀਤਾ ਗਿਆ ਸੀ, ਜਿਸ ਲਈ ਇਹ ਜ਼ਰੂਰੀ ਹੈ।



ਵਰਨਣ ਯੋਗ ਹੈ ਕਿ ਇਨ੍ਹਾਂ ਵਿੱਚੋਂ ਅੱਧੇ ਪ੍ਰੋਫੈਸਰਾਂ ਨੇ ਪ੍ਰਸ਼ਾਸਨ ਨੂੰ ਜਵਾਬ ਦੇ ਦਿੱਤਾ ਹੈ, ਪਰ ਪ੍ਰਸ਼ਾਸਨ ਨੂੰ ਹੋਰਨਾਂ ਦੇ ਜਵਾਬ ਦਾ ਇੰਤਜ਼ਾਰ ਹੈ। ਕਈ ਪ੍ਰੋਫੈਸਰ ਇਸ ਕਦਮ ਦਾ ਵਿਰੋਧ ਕਰ ਰਹੇ ਹਨ। ਜੇ ਐਨ ਯੂ ਅਧਿਆਪਕ ਯੂਨੀਅਨ ਨੇ ਵੀ ਇਤਰਾਜ਼ ਕੀਤਾ ਹੈ। ਜੇ ਐਨ ਯੂ ਦੇ ਰਜਿਸਟਰਾਰ ਪ੍ਰਮੋਦ ਕੁਮਾਰ ਨੇ ਕਿਹਾ ਕਿ ਯੂਨੀਵਰਸਿਟੀ 'ਚ 20 ਤੋਂ ਜ਼ਿਆਦਾ ਐਮਿਰੇਟਸ ਪ੍ਰੋਫੈਸਰ ਹਨ। ਪਿਛਲੇ ਸਾਲ ਕਾਰਜਕਾਰੀ ਕੌਂਸਲ ਦੀ ਬੈਠਕ 'ਚ ਐਮਿਰੇਟਸ ਪ੍ਰੋਫੈਸਰ ਦੀ ਯੋਗਤਾ ਦੇ ਨਿਯਮਾਂ 'ਚ ਬਦਲਾਅ ਕਰਦੇ ਹੋਏ ਮਤਾ ਪਾਸ ਕੀਤਾ ਗਿਆ ਸੀ। ਇਸ ਤਹਿਤ 75 ਸਾਲ ਦੀ ਉਮਰ ਹੋਣ ਪਿੱਛੋਂ ਇਨ੍ਹਾਂ ਪ੍ਰੋਫੈਸਰਾਂ ਦੇ ਤਜਰਬੇ ਤੇ ਅਕੈਡਮਿਕ ਰਿਕਾਰਡ ਦਾ ਮੁੱਲਾਂਕਣ ਕੀਤਾ ਜਾਵੇਗਾ। ਉਨ੍ਹਾਂ ਦੀ ਸਿਹਤ, ਪ੍ਰਾਪਤੀਆਂ ਦੀ ਪਰਖ ਹੋਵੇਗੀ। ਇਨ੍ਹਾਂ ਤੋਂ ਵੇਰਵਾ ਮੰਗਿਆ ਗਿਆ ਹੈ, ਉਹ ਸਾਰੇ 75 ਸਾਲ ਦੀ ਉਮਰ 31 ਮਾਰਚ 2019 ਤੋਂ ਪਹਿਲਾਂ ਹੀ ਪਾਰ ਕਰ ਚੁੱਕੇ ਹਨ।

## ਦਿਗਵਿਜੇ ਸਿੰਘ ਉੱਤੇ ਕਮਲਨਾਥ ਸਰਕਾਰ ਨੂੰ ਡੇਗਣ ਦੀ ਕੋਸ਼ਿਸ਼ ਦੇ ਦੋਸ਼ ਲੱਗੇ

ਭੋਪਾਲ, 3 ਸਤੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੀ ਕਾਂਗਰਸ ਸਰਕਾਰ ਅਤੇ ਪਾਰਟੀ ਵਿੱਚ ਦੋਸ਼ਾ ਦੇ ਕਾਰਨ ਭੂਚਾਲ ਆਇਆ ਪਿਆ ਹੈ। ਸੀਨੀਅਰ ਕਾਂਗਰਸ ਆਗੂ ਅਤੇ ਸਾਬਕਾ ਮੁੱਖ ਮੰਤਰੀ ਦਿਗਵਿਜੇ ਸਿੰਘ ਅਤੇ ਕਮਲਨਾਥ ਸਰਕਾਰ ਦੇ ਮੰਤਰੀ ਆਹਮੋ-ਸਾਹਮਣੇ ਹੋ ਗਏ ਹਨ ਅਤੇ ਦੂਸ਼ਣਬਾਜ਼ੀ ਜਾਰੀ ਹੈ।



ਅਸਲ ਵਿੱਚ ਮੱਧ ਪ੍ਰਦੇਸ਼ ਦੇ ਜੰਗਲਾਤ ਮੰਤਰੀ ਉਮੰਗ ਸਿੰਘਾਰ ਨੇ ਕਾਂਗਰਸ ਦੀ ਅੰਤ੍ਰਿਮ ਚੇਅਰਪਰਸਨ ਸੋਨੀਆ ਗਾਂਧੀ ਨੂੰ ਪੱਤਰ ਲਿਖ ਕੇ ਦਿਗਵਿਜੇ ਸਿੰਘ 'ਤੇ ਕਮਲਨਾਥ ਸਰਕਾਰ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਦਾ ਦੋਸ਼ ਲਾਇਆ ਹੈ। ਮੁੱਖ ਮੰਤਰੀ ਕਮਲਨਾਥ ਦੇ ਕਰੀਬੀ ਮੰਤਰੀ ਸੱਜਣ ਸਿੰਘ ਵਰਮਾ ਵੀ ਸਿੰਘਾਰ ਦੇ ਨਾਲ ਗਏ ਸਨ, ਪਰ ਪੰਜ ਮੰਤਰੀਆਂ ਨੇ ਦਿਗਵਿਜੇ ਸਿੰਘ ਦੇ ਸਮਰਥਨ ਵਿੱਚ ਮੋਰਚਾ ਖੋਲ੍ਹ ਦਿੱਤਾ ਹੈ। ਇਸ ਕਾਰਨ ਸਿਆਸਤ ਗਰਮਾ ਗਈ ਹੈ। ਭਾਜਪਾ ਵੀ ਇਸ ਭੇੜ ਵਿੱਚ ਕੁਦ ਪਈ ਹੈ। ਉਸ ਨੇ ਕਾਂਗਰਸ ਹਾਈ ਕਮਾਨ ਨੂੰ ਦਖਲ ਦੇਣ ਲਈ ਕਿਹਾ ਹੈ। ਪਰਦੇ ਪਿੱਛੇ ਦਿਗਵਿਜੇ ਸਿੰਘ ਦੇ ਸਰਕਾਰ ਚਲਾਉਣ ਉਤੇ ਕਮਲਨਾਥ ਨਾ ਕਿਹਾ ਕਿ ਜਨਤਾ ਸਭ ਜਾਣਦੀ ਹੈ, ਉਸ ਨੂੰ ਪਤਾ ਹੈ ਕਿ ਕੌਣ ਸਰਕਾਰ ਚਲਾ ਰਿਹਾ ਹੈ। ਮੱਧ ਪ੍ਰਦੇਸ਼ ਕਾਂਗਰਸ ਅਤੇ ਸਰਕਾਰ ਵਿੱਚ ਉਸ ਵੇਲੇ ਭੂਚਾਲ ਆਇਆ, ਜਦ ਦਿਗਵਿਜੇ ਸਿੰਘ ਨੇ ਬੀਤੇ ਦਿਨੀਂ ਮੰਤਰੀਆਂ ਨੂੰ ਪੱਤਰ ਲਿਖੇ ਅਤੇ ਇਸ ਵਿੱਚ ਉਨ੍ਹਾਂ ਨੇ ਵੱਖ-ਵੱਖ ਕੰਮਾਂ ਬਾਰੇ ਲਿਖੇ ਗਏ ਪੱਤਰਾਂ 'ਤੇ ਕੀਤੀ ਗਈ ਕਾਰਵਾਈ ਦੀ 31 ਅਗਸਤ ਤੋਂ ਪਹਿਲਾਂ ਮੰਤਰੀਆਂ ਤੋਂ ਜਾਣਕਾਰੀ ਮੰਗੀ ਸੀ। ਇਸ ਪਿੱਛੋਂ ਐਤਵਾਰ ਨੂੰ ਉਮੰਗ ਸਿੰਘਾਰ ਨੇ ਕਿਹਾ ਕਿ ਪੂਰਾ ਮੱਧ ਪ੍ਰਦੇਸ਼ ਜਾਣਦਾ ਹੈ ਕਿ ਦਿਗਵਿਜੇ ਸਿੰਘ ਪਰਦੇ ਦੇ ਪਿੱਛਿਓਂ ਸਰਕਾਰ ਚਲਾ ਰਹੇ ਹਨ।

ਭਾਜਪਾ ਨੇਤਾ ਅਤੇ ਬਜਰੰਗ ਦਲ ਦੇ ਮੈਂਬਰਾਂ 'ਤੇ ਪਾਕਿ ਖੁਫੀਆ ਏਜੰਸੀ ਆਈ ਐੱਸ ਆਈ ਨਾਲ ਮਿਲੇ ਹੋਣ ਦਾ ਦੋਸ਼ ਲਾਉਣ ਦੇ ਮਾਮਲੇ ਵਿੱਚ ਸੀਨੀਅਰ ਕਾਂਗਰਸੀ ਨੇਤਾ ਦਿਗਵਿਜੇ ਸਿੰਘ ਦੇ ਖਿਲਾਫ ਕੇਸ ਵੀ ਦਰਜ ਹੋ ਗਿਆ ਹੈ।

## ਅਯੁੱਧਿਆ ਵਿਵਾਦ ਵਿੱਚ ਸੁੰਨੀ ਵਕਫ ਬੋਰਡ ਨੇ ਕਿਹਾ: ਓਥੇ ਕੋਈ ਮੰਦਰ ਦਾ ਸਬੂਤ ਹੀ ਨਹੀਂ

ਨਵੀਂ ਦਿੱਲੀ, 3 ਸਤੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਵਿੱਚ ਅਯੁੱਧਿਆ ਵਿਵਾਦ ਦੀ ਸੁਣਵਾਈ ਵਿੱਚ ਸੁੰਨੀ ਵਕਫ ਬੋਰਡ ਨੇ ਦਲੀਲ ਦਿੱਤੀ ਹੈ ਕਿ ਵਿਵਾਦਤ ਥਾਂ 'ਤੇ ਮੰਦਰ ਦਾ ਕੋਈ ਸਬੂਤ ਨਹੀਂ ਹੈ।



ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਐੱਸ ਏ ਬੋਬਡੇ, ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਅਸ਼ੋਕ ਭੂਸ਼ਣ ਤੇ ਜਸਟਿਸ ਐਸ ਅਬਦੁਲ ਨਜ਼ੀਰ ਦੀ ਸੰਵਿਧਾਨਕ ਬੈਂਚ ਸਾਹਮਣੇ ਸੁੰਨੀ ਵਕਫ ਬੋਰਡ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਜੀਵ ਧਵਨ ਨੇ ਆਪਣੀਆਂ ਦਲੀਲਾਂ ਸ਼ੁਰੂ ਕੀਤੀਆਂ ਅਤੇ ਕਿਹਾ ਕਿ ਭਾਰਤੀ ਪੁਰਾਤਤਵ ਸਰਵੇਖਣ (ਏ ਐਸ ਆਈ) ਵਿਭਾਗ ਇਹ ਸਾਬਤ ਨਹੀਂ ਕਰ ਸਕਿਆ। ਧਵਨ ਨੇ ਦਲੀਲ ਦਿੱਤੀ ਕਿ ਅਯੁੱਧਿਆ ਵਿੱਚ ਲੋਕਾਂ ਵੱਲੋਂ ਪਰਿਕਰਮਾ ਕਰਨ ਦੀ ਦਲੀਲ ਇੱਕ ਹਿੰਦੂ ਧਿਰ ਨੇ ਦਿੱਤੀ ਹੈ, ਪਰ ਪੂਜਾ ਲਈ ਕੀਤੀ ਜਾਂਦੀ ਭਗਵਾਨ ਦੀ ਪਰਿਕਰਮਾ ਸਬੂਤ ਨਹੀਂ ਹੋ ਸਕਦੀ। ਮੁਸਲਿਮ ਧਿਰ ਨੇ ਕਿਹਾ ਕਿ ਹਿੰਦੂਆਂ ਨੇ 1934 ਵਿੱਚ ਬਾਬਰੀ ਮਸਜਿਦ 'ਤੇ ਹਮਲਾ ਕੀਤਾ, ਫਿਰ 1949 ਵਿੱਚ ਨਾਜਾਇਜ਼ ਘੁਸਪੈਠ ਕੀਤੀ ਅਤੇ 1992 ਵਿੱਚ ਇਸ ਨੂੰ ਤੋੜ ਦਿੱਤਾ ਅਤੇ ਅੱਜ ਕਹਿ ਰਹੇ ਹਨ ਕਿ ਸੰਬੰਧਤ ਜ਼ਮੀਨ 'ਤੇ ਉਨ੍ਹਾਂ ਦੇ ਹੱਕ ਦੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ। ਧਵਨ ਨੇ ਕਿਹਾ ਕਿ ਤੁਲਸੀਦਾਸ ਵੱਲੋਂ ਲਿਖੀ ਰਮਾਇਣ ਇੱਕ ਕਾਵਿ ਹੈ ਅਤੇ ਉਸ ਨੂੰ ਇਤਿਹਾਸ ਦਾ ਹਿੱਸਾ ਨਹੀਂ ਕਿਹਾ ਜਾ ਸਕਦਾ। ਇਸ 'ਤੇ ਬੈਂਚ ਨੇ ਕਿਹਾ, "ਤੁਲਸੀਦਾਸ ਸਮਕਾਲੀ ਸਨ ਅਤੇ ਕਾਵਿ ਵਿੱਚ ਵੀ ਸਬੂਤ ਹੋ ਸਕਦੇ ਹਨ।"

## ਮੋਦੀ ਦੇ ਬਚਪਨ ਵਾਲੇ 'ਚਾਹ ਸਟਾਲ' ਨੂੰ ਸੈਰਗਾਹ ਬਣਾਉਣ ਲਈ ਕੰਮ ਸ਼ੁਰੂ

ਅਹਿਮਦਾਬਾਦ, 3 ਸਤੰਬਰ (ਪੋਸਟ ਬਿਊਰੋ)- ਗੁਜਰਾਤ ਦੇ ਵਡਨਗਰ 'ਚ ਜਿਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਬਚਪਨ ਵਿੱਚ ਚਾਹ ਵੇਚਦੇ ਸਨ, ਸੈਰਗਾਹ ਵਜੋਂ ਵਿਕਸਿਤ ਕਰਨ ਦਾ ਕੰਮ ਸ਼ੁਰੂ ਹੋ ਗਿਆ ਹੈ। ਕੇਂਦਰੀ ਸੈਰ ਸਪਾਟਾ ਤੇ ਸੱਭਿਆਚਾਰਕ ਮੰਤਰੀ ਪ੍ਰਹਿਲਾਦ ਪਟੇਲ ਨੇ ਇਸ ਦੇ ਮੂਲ ਰੂਪ ਨੂੰ ਬਣਾਈ ਰੱਖਣ ਲਈ ਦੁਕਾਨ ਨੂੰ ਸ਼ੀਸ਼ੇ ਨਾਲ ਢੱਕਣ ਦੇ ਨਿਰਦੇਸ਼ ਦਿੱਤੇ ਹਨ। ਵਰਨਣ ਯੋਗ ਹੈ ਕਿ ਇਸ ਦੁਕਾਨ ਨੂੰ ਸੈਰਗਾਹ ਬਣਾਉਣ ਵਾਸਤੇ ਫੈਸਲਾ 2017 ਵਿੱਚ ਹੀ ਹੋ ਗਿਆ ਸੀ। ਵਡਨਗਰ ਰੇਲਵੇ ਸਟੇਸ਼ਨ ਦੇ ਇਕ ਪਲੇਟਫਾਰਮ 'ਤੇ ਚਾਹ ਦੀ ਇਹ ਦੁਕਾਨ ਹੈ। ਗੁਜਰਾਤ ਦੇ ਮੇਹਸਾਣਾ ਜ਼ਿਲੇ ਵਿੱਚ ਮੋਦੀ ਦੇ ਜਨਮ ਸਥਾਨ ਵਡਨਗਰ ਨੂੰ ਦੁਨੀਆ ਦੇ ਨਕਸ਼ੇ 'ਤੇ ਲਿਆਉਣ ਦੀ ਵਿਸ਼ਵ ਪੱਧਰੀ ਯੋਜਨਾ ਹੇਠ ਚਾਹ ਦੀ ਇਸ ਦੁਕਾਨ ਨੂੰ ਸੈਰਗਾਹ ਵਿੱਚ ਤਬਦੀਲ ਕਰਨ ਦੀ ਯੋਜਨਾ ਹੈ। ਇਸ ਤੋਂ ਪਹਿਲਾਂ 2017 ਵਿੱਚ ਸੱਭਿਆਚਾਰ ਅਤੇ ਸੈਰ ਸਪਾਟਾ ਮੰਤਰਾਲੇ ਤੇ ਭਾਰਤੀ ਪੁਰਾਤਤਵ ਵਿਭਾਗ (ਏ ਐਸ ਆਈ) ਦੇ ਅਧਿਕਾਰੀਆਂ ਨੇ ਐਤਵਾਰ ਨੂੰ ਸ਼ਹਿਰ ਦਾ ਦੌਰਾ ਕੀਤਾ ਸੀ। 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਰੈਲੀਆਂ 'ਚ ਆਪਣੇ ਬਚਪਨ ਦੇ ਦਿਨਾਂ 'ਚ ਵਡਨਗਰ ਰੇਲਵੇ ਸਟੇਸ਼ਨ 'ਤੇ ਆਪਣੇ ਪਿਤਾ ਦੇ ਨਾਲ ਚਾਹ ਵੇਚਣ ਦਾ ਜ਼ਿਕਰ ਕੀਤਾ ਸੀ। ਇਸ ਬਾਰੇ ਅਹਿ-ਮਦਾਬਾਦ ਡਵੀਜ਼ਨ ਦੇ ਡੀ ਆਰ ਐਮ ਦਿਨੇਸ਼ ਕੁਮਾਰ ਨੇ ਵੀ ਕਿਹਾ ਸੀ ਕਿ ਵਡਨਗਰ ਅਤੇ ਮੇਹਸਾਣਾ ਜ਼ਿਲੇ 'ਚ ਉਸ ਨਾਲ ਲੱਗਦੇ ਇਲਾਕਿਆਂ ਦੇ ਵਿਕਾਸ ਦੀ ਪੂਰੀ ਯੋਜਨਾ 100 ਕਰੋੜ ਰੁਪਏ ਤੋਂ ਜ਼ਿਆਦਾ ਹੋਵੇਗੀ।

## 50 ਹਜ਼ਾਰ ਕਰੋੜ ਦੇ ਬੈਂਕ ਘੋਟਾਲੇ ਵਿੱਚ ਅਜੀਤ ਪਵਾਰ ਨੂੰ ਰਾਹਤ ਨਹੀਂ ਮਿਲ ਸਕੀ



ਨਵੀਂ ਦਿੱਲੀ, 3 ਸਤੰਬਰ (ਪੋਸਟ ਬਿਊਰੋ)- ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ ਸੀ ਪੀ) ਦੇ ਸੀਨੀਅਰ ਨੇਤਾ ਅਤੇ ਮਹਾਰਾਸ਼ਟਰ ਦੇ ਸਾਬਕਾ ਉਪ ਮੁੱਖ ਮੰਤਰੀ ਅਜੀਤ ਪਵਾਰ ਤੇ ਸੱਤਰ ਹੋਰਨਾਂ ਖਿਲਾਫ ਮਹਾਰਾਸ਼ਟਰ ਰਾਜ ਕੋਆਪਰਟਿਵ ਬੈਂਕ ਘੋਟਾਲੇ ਵਿੱਚ ਜਾਂਚ 'ਤੇ ਰੋਕ ਲਾਉਣ ਤੋਂ ਸੁਪਰੀਮ ਕੋਰਟ ਨੇ ਇਨਕਾਰ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਪੰਜਾਹ ਹਜ਼ਾਰ ਕਰੋੜ ਦੇ ਘੋਟਾਲੇ ਵਿੱਚ ਬੰਬੇ ਹਾਈ ਕੋਰਟ ਦੇ ਹੁਕਮ ਉਤੇ ਪੁਲਸ ਨੇ ਕੇਸ ਦਰਜ ਕੀਤਾ ਹੈ। ਕੁਝ ਦੋਸ਼ੀਆਂ ਨੇ ਸੁਪਰੀਮ ਕੋਰਟ ਨੂੰ ਅਰਜ਼ੀ ਦਿੱਤੀ ਸੀ। ਜਸਟਿਸ ਅਰੁਣ ਮਿਸ਼ਰਾ ਅਤੇ ਜਸਟਿਸ ਐੱਮ ਆਰ ਸ਼ਾਹ ਦੀ ਬੈਂਚ ਨੇ ਜਾਂਚ ਵਿੱਚ ਦਖਲ ਤੋਂ ਇਨਕਾਰ ਕਰਦੇ ਹੋਏ ਅਰਜ਼ੀ ਰੱਦ ਕਰ ਦਿੱਤੀ। ਅਦਾਲਤ ਨੇ ਮਹਾਰਾਸ਼ਟਰ ਪੁਲਸ ਨੂੰ ਇਸ ਮਾਮਲੇ ਵਿੱਚ ਨਿਰਪੱਖ ਜਾਂਚ ਕਰਨ ਨੂੰ ਵੀ ਕਿਹਾ। ਕੋਰਟ ਦੇ ਬੈਂਚ ਨੇ ਕਿਹਾ ਕਿ ਇਸ ਹਾਲਾਤ ਵਿੱਚ ਜਾਂਚ ਨੂੰ ਨਹੀਂ ਰੋਕਿਆ ਜਾ ਸਕਦਾ। ਬੈਂਚ ਨੇ ਹਾਈ ਕੋਰਟ ਦੇ ਕੇਸ ਦਰਜ ਕਰਨ ਦੇ ਆਦੇਸ਼ ਨੂੰ ਬਰਕਰਾਰ ਰੱਖਿਆ ਹੈ। ਪਵਾਰ ਦੇ ਸਮੇਤ ਸੱਤਰ ਤੋਂ ਵੱਧ ਦੋਸ਼ੀਆਂ ਨੇ ਸਪੈਸ਼ਲ ਰਿਟ ਪਟੀਸ਼ਨ ਦਾਇਰ ਕੀਤੀ ਸੀ। ਪਟੀਸ਼ਨ ਵਿੱਚ ਹਾਈ ਕੋਰਟ ਦੇ 22 ਅਗਸਤ ਦੇ ਹੁਕਮ ਨੂੰ ਚੁਣੌਤੀ ਦਿੱਤੀ ਗਈ ਸੀ, ਪਰ ਅਗਲੇ ਦਿਨ ਹੀ ਪੁਲਸ ਦੀ ਆਰਥਿਕ ਅਪਰਾਧ ਇਕਾਈ ਨੇ ਕੇਸ ਦਰਜ ਕਰ ਲਿਆ ਸੀ। ਇਸ ਵਿੱਚ ਪਵਾਰ ਤੇ ਹੋਰਨਾਂ 'ਤੇ ਬੈਂਕਿੰਗ ਨਿਯਮਾਂ ਦੀ ਅਣਦੇਖੀ ਕਰ ਕੇ ਚੀਨੀ ਮਿੱਲਾਂ ਨੂੰ ਬਹੁਤ ਘੱਟ ਦਰਾਂ 'ਤੇ ਕਰਜ਼ਾ ਦੇਣ ਅਤੇ ਡਿਫਾਲਟਰ ਦੀ ਉਦਯੋਗਿਕ ਇਕਾਈਆਂ ਨੂੰ ਕੌਡੀਆਂ ਦੇ ਭਾਅ ਵੇਚਣ ਦਾ ਦੋਸ਼ ਹੈ।

### ਮੋਦੀ ਸਰਕਾਰ ਨੂੰ ਨਵਾਂ ਝਟਕਾ:

# ਬੁਨਿਆਦੀ ਸਨਅਤਾਂ ਦੀ ਵਿਕਾਸ ਦਰ ਵੀ ਘਟ ਗਈ

ਨਵੀਂ ਦਿੱਲੀ, 3 ਸਤੰਬਰ, (ਪੋਸਟ ਬਿਊਰੋ)- ਕੁਲ ਘਰੇਲੂ ਉਤਪਾਦ (ਜੀ ਡੀ ਪੀ) ਦੇ ਖੇਤਰ ਵਿਚ ਭਾਜਪਾ ਦੇ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੂੰ ਨਵਾਂ ਝਟਕਾ ਲੱਗਾ ਹੈ। ਦੇਸ਼ ਵਿਚ ਬੇਰੁਜ਼ਗਾਰੀ ਦਰ ਬੀਤੇ 40 ਸਾਲਾਂ ਵਿਚ ਸਭ ਤੋਂ ਉਤਲੇ ਪੱਧਰ ਉੱਤੇ ਹੋਣ ਅਤੇ ਆਰਥਕ ਵਾਧਾ ਦਰ ਸੱਤ ਸਾਲਾਂ ਦੇ ਹੇਠਲੇ ਪੱਧਰ ਉੱਤੇ ਜਾਣ ਪਿੱਛੋਂ ਅੱਠ ਬੁਨਿਆਦੀ ਸਨਅਤਾਂ ਦੀ ਵਾਧਾ ਦਰ ਘਟ ਗਈ ਹੈ। ਇਹ ਦਰ ਜੁਲਾਈ ਵਿਚ ਘਟ ਕੇ 2.1 ਫ਼ੀਸਦੀ ਰਹਿ ਗਈ ਹੈ।



ਕੱਲ੍ਹ ਜਾਰੀ ਹੋਏ ਅਧਿਕਾਰਤ ਅੰਕੜਿਆਂ ਮੁਤਾਬਕ ਜੁਲਾਈ 2018 ਵਿਚ ਬੁਨਿਆਦੀ ਉਦਯੋਗਾਂ ਦੀ ਵਾਧਾ ਦਰ 7.3 ਫ਼ੀਸਦੀ ਸੀ। ਮੁੱਖ ਰੂਪ ਵਿਚ ਕੋਲਾ, ਕੱਚਾ ਤੇਲ, ਕੁਦਰਤੀ ਗੈਸ ਅਤੇ ਰੀਫ਼ਾਇਨਰੀ ਉਤਪਾਦਾਂ ਦਾ ਉਤਪਾਦਨ ਘਟ ਜਾਣ ਨਾਲ ਬੁਨਿਆਦੀ ਉਦਯੋਗਾਂ ਦੀ ਵਾਧਾ ਦਰ ਦੀ ਰਫ਼ਤਾਰ ਸੁਸਤ ਪਈ ਹੈ। ਅੱਠ ਬੁਨਿਆਦੀ ਉਦਯੋਗਾਂ ਵਿਚ ਕੋਲਾ, ਕੱਚਾ ਤੇਲ, ਕੁਦਰਤੀ ਗੈਸ, ਰੀਫ਼ਾਇਨਰੀ ਉਤਪਾਦ, ਖਾਦਾਂ, ਇਸਪਾਤ, ਸੀਮਿੰਟ ਅਤੇ ਬਿਜਲੀ ਆਉਂਦੇ ਹਨ। ਅੰਕੜਿਆਂ ਮੁਤਾਬਕ ਇਸ ਮਹੀਨੇ ਵਿਚ ਕੋਲਾ, ਕੱਚੇ ਤੇਲ, ਕੁਦਰਤੀ ਗੈਸ ਤੇ ਰੀਫ਼ਾਇਨਰੀ ਉਤਪਾਦਾਂ ਦੇ ਉਤਪਾਦਨ ਵਿਚ ਇਸ ਤੋਂ ਪਿਛਲੇ ਸਾਲ ਦੇ ਇਸੇ ਮਹੀਨੇ ਦੇ ਮੁਕਾਬਲੇ ਕਮੀ ਆਈ ਹੈ। ਚਾਲੂ ਸਾਲ ਦੇ ਅਪ੍ਰੈਲ-ਜੁਲਾਈ ਦੇ ਮਹੀਨਿਆਂ ਦੇ ਦੌਰਾਨ ਬੁਨਿਆਦੀ ਉਦਯੋਗਾਂ ਦੀ ਵਾਧਾ ਦਰ ਘਟ ਕੇ ਤਿੰਨ ਫ਼ੀਸਦੀ ਰਹਿ ਗਈ, ਜਿਹੜੀ ਪਿਛਲੇ ਸਾਲ ਇਸੇ ਸਮੇਂ 5.9 ਫ਼ੀਸਦੀ ਸੀ। ਉਦਯੋਗਿਕ ਉਤਪਾਦਨ ਸੂਚਕ ਅੰਕ ਵਿਚ ਅੱਠ ਬੁਨਿਆਦੀ ਉਦਯੋਗਾਂ ਦਾ ਹਿੱਸਾ 40.27 ਫ਼ੀਸਦੀ ਹੈ। ਅੰਕੜਿਆਂ ਦੇ ਮੁਤਾਬਕ ਸੀਮਿੰਟ ਤੇ ਬਿਜਲੀ ਖੇਤਰ ਦੀ ਵਾਧਾ ਦਰ ਵਿਚ ਵੀ ਕਮੀ ਆਈ ਹੈ। ਸਟੀਲ ਦੇ ਖੇਤਰ ਦੀ ਵਾਧਾ ਦਰ ਘਟ ਕੇ 6.6 ਫ਼ੀਸਦੀ ਰਹਿ ਗਈ, ਜਿਹੜੀ ਜੁਲਾਈ 2018 ਵਿਚ 6.9 ਫ਼ੀਸਦੀ ਸੀ। ਇਸੇ ਤਰ੍ਹਾਂ ਸੀਮਿੰਟ ਖੇਤਰ ਦੀ ਵਾਧਾ ਦਰ 11.3 ਫ਼ੀਸਦੀ ਤੋਂ ਘਟ ਕੇ 7.9 ਫ਼ੀਸਦੀ ਰਹਿ ਗਈ। ਬਿਜਲੀ ਦੀ ਵਾਧਾ ਦਰ ਜੁਲਾਈ ਵਿਚ 4.2 ਫ਼ੀਸਦੀ ਰਹੀ। ਪਿਛਲੇ ਸਾਲ ਇਹ 67 ਫ਼ੀਸਦੀ ਸੀ। ਖਾਦਾਂ ਦਾ ਉਤਪਾਦਨ 1.5 ਫ਼ੀਸਦੀ ਰਿਹਾ, ਜਿਹੜਾ ਪਿਛਲੇ ਸਾਲ 1.3 ਫ਼ੀਸਦੀ ਰਿਹਾ ਸੀ।

## ਚਿਦੰਬਰਮ 5 ਸਤੰਬਰ ਤਕ ਸੀ ਬੀ ਆਈ ਹਿਰਾਸਤ ਵਿੱਚ ਰਹਿਣਗੇ

ਨਵੀਂ ਦਿੱਲੀ, 3 ਸਤੰਬਰ (ਪੋਸਟ ਬਿਊਰੋ)- ਭਾਰਤ ਦੇ ਸਾਬਕਾ ਵਿੱਤ ਮੰਤਰੀ ਅਤੇ ਕਾਂਗਰਸੀ ਆਗੂ ਪੀ. ਚਿਦੰਬਰਮ ਦੀ ਆਈ ਐਨ ਐਕਸ ਮੀਡੀਆ ਕੇਸ ਵਿੱਚ ਅਰਜ਼ੀ ਉੱਤੇ ਸੁਪਰੀਮ ਕੋਰਟ 5 ਸਤੰਬਰ ਵੀਰਵਾਰ ਸੁਣਵਾਈ ਕਰੇਗੀ। ਉਦੋਂ ਤਕ ਉਹ ਸੀ ਬੀ ਆਈ ਦੀ ਹਿਰਾਸਤ ਵਿੱਚ ਰਹਿਣਗੇ। ਚਿਦੰਬਰਮ ਨੇ ਸੀ ਬੀ ਆਈ ਦੀ ਅਦਾਲਤ ਦੇ ਉਸ ਆਦੇਸ਼ ਨੂੰ ਚੁਣੌਤੀ ਦਿੱਤੀ ਹੈ, ਜਿਸ ਵਿੱਚ ਉਨ੍ਹਾਂ ਨੂੰ ਸੀ ਬੀ ਆਈ ਹਿਰਾਸਤ ਵਿਚ ਭੇਜਿਆ ਗਿਆ ਸੀ।

ਅੱਜ ਮੰਗਲਵਾਰ ਨੂੰ ਸੁਪਰੀਮ ਕੋਰਟ 'ਚ ਸੁਣਵਾਈ ਪਿੱਛੋਂ ਵਿਸ਼ੇਸ਼ ਸੀ ਬੀ ਆਈ ਅਦਾਲਤ ਦੇ ਜੱਜ ਅਜੇ ਕੁਮਾਰ ਨੇ ਚਿਦੰਬਰਮ ਦਾ ਰਿਮਾਂਡ ਦੋ ਦਿਨ ਵਧਾ ਦਿੱਤਾ। ਇਸੇ ਦਿਨ ਉਨ੍ਹਾਂ ਦੀ ਜ਼ਮਾਨਤ ਪਟੀਸ਼ਨ ਉੱਤੇ ਵੀ ਸੁਣਵਾਈ ਹੋਵੇਗੀ। ਚਿਦੰਬਰਮ ਦੇ ਵਕੀਲ ਕਪਿਲ ਸਿੱਬਲ ਨੇ ਸੋਮਵਾਰ ਨੂੰ ਸੁਪਰੀਮ ਕੋਰਟ ਦੀ ਬੈਂਚ ਨੂੰ ਕਿਹਾ ਸੀ ਕਿ ਉਨ੍ਹਾਂ ਦੀ 74 ਸਾਲ ਉਮਰ ਹੈ ਅਤੇ ਉਨ੍ਹਾਂ ਨੂੰ ਸਿਰਫ਼ ਨਜ਼ਰਬੰਦ ਕੀਤਾ ਜਾਵੇ। ਇਸ ਨਾਲ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਇਸ ਉੱਤੇ ਅਦਾਲਤ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਤਿਹਾੜ ਜੇਲ ਨਹੀਂ ਭੇਜਿਆ ਜਾਵੇਗਾ ਤੇ ਉਹ ਜ਼ਮਾਨਤ ਲਈ ਸਬੰਧਤ ਅਦਾਲਤ 'ਚ ਅਰਜ਼ੀ ਦੇਣ। ਕੱਲ੍ਹ ਸੋਮਵਾਰ ਵਿਸ਼ੇਸ਼ ਅਦਾਲਤ ਨੇ ਚਿਦੰਬਰਮ ਦੀ ਸੀ ਬੀ ਆਈ ਹਿਰਾ-ਸਤ ਮੰਗਲਵਾਰ ਤਕ ਵਧਾ ਦਿੱਤੀ ਅਤੇ ਸੀ ਬੀ ਆਈ ਨੇ ਅਦਾਲਤ ਤੋਂ ਹੋਰ ਰਿਮਾਂਡ ਵਧਾਉਣ ਦੀ ਮੰਗ ਵੀ ਕੀਤੀ ਸੀ। ਵਰਨਣ ਯੋਗ ਹੈ ਕਿ ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਨੂੰ 21 ਅਗਸਤ ਨੂੰ ਆਈ ਐਨ ਐਕਸ ਮੀਡੀਆ ਕੇਸ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ।



## ਇਮਰਾਨ ਦੀ ਸਾਬਕਾ ਪਤਨੀ ਨੇ ਉਸ ਦਾ ਮਜ਼ਾਕ ਉਡਾਇਆ



ਇਸਲਾਮਾਬਾਦ, 3 ਸਤੰਬਰ (ਪੋਸਟ ਬਿਊਰੋ)- ਕਸ਼ਮੀਰ ਮੁੱਦੇ ਬਾਰੇ ਭਾਰਤ ਨੂੰ ਧਮਕੀ ਦੇ ਰਹੇ ਪਾਕਿ-ਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਉਨ੍ਹਾਂ ਦੀ ਸਾਬਕਾ ਪਤਨੀ ਰੇਹਮ ਖਾਨ ਨੇ ਵੀ ਮਜ਼ਾਕ ਉਡਾਇਆ ਹੈ।

ਕਸ਼ਮੀਰੀ ਲੋਕਾਂ ਦੀ ਹਮਾਇਤ ਵਿੱਚ ਪਾਕਿਸਤਾਨ ਵਿੱਚ ਹਰ ਸ਼ੁੱਕਰਵਾਰ ਨੂੰ ਅੱਧੇ ਘੰਟੇ ਦੇ ਵਿਰੋਧ ਪ੍ਰਦਰਸ਼ਨ ਦੀ ਇਮਰਾਨ ਖਾਨ ਦੀ ਅਪੀਲ 'ਤੇ ਤਿੱਖਾ ਹਮਲਾ ਬੋਲਦਿਆਂ ਰੇਹਮ ਨੇ ਕਿਹਾ, ਕਈ ਲੋਕਾਂ ਨੂੰ ਵੇਖ ਕੇ ਲੱਗਾ ਕਿ ਉਨ੍ਹਾਂ ਨੂੰ ਇਸ ਲਈ ਮਜਬੂਰ ਕੀਤਾ ਗਿਆ ਹੈ। ਰੇਹਮ ਨੇ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਦੀ ਕੁਰਸੀ ਤੋਂ ਇਮਰਾਨ ਨੂੰ ਹਟਾਏ ਜਾਣ 'ਤੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਉਨ੍ਹਾਂ ਦੀ ਥਾਂ ਲੈਣ ਲਈ ਉਡੀਕ ਕਰ ਰਹੇ ਹਨ। ਇਮਰਾਨ ਦੀ ਅਪੀਲ ਉਤੇ ਪਿਛਲੇ ਸ਼ੁੱਕਰਵਾਰ ਨੂੰ ਪਾਕਿਸਤਾਨ 'ਚ ਕਸ਼ਮੀਰੀਆਂ ਨਾਲ ਖੜੇ ਹੋਣ ਦਾ ਵਿਖਾਵਾ ਕੀਤਾ ਗਿਆ ਸੀ। ਖੁਦ ਇਮਰਾਨ ਖਾਨ ਵੀ ਇਕ ਪ੍ਰਦਰਸ਼ਨ 'ਚ ਸ਼ਾਮਲ ਹੋਏ ਤੇ ਕਸ਼ਮੀਰੀਆਂ ਨਾਲ ਆਖਰੀ ਦਮ ਤੱਕ ਖੜੇ ਰਹਿਣ ਦਾ ਐਲਾਨ ਕੀਤਾ ਸੀ, ਪਰ ਸਰਕਾਰ ਦੀਆਂ ਸਭ ਕੋਸ਼ਿਸ਼ਾਂ ਦੇ ਬਾਵਜੂਦ ਇਨ੍ਹਾਂ ਪ੍ਰਦਰਸ਼ਨਾਂ 'ਚ ਜ਼ਿਆਦਾ ਭੀੜ ਨਹੀਂ ਜੁਟੀ। ਵਾਇਰਲ ਹੋਏ ਵੀਡੀਓ 'ਚ ਰੇਹਮ ਨੇ ਕਿਹਾ, 'ਭਾਰਤ ਵਿੱਚ ਵੀ ਮਕਬੂਜ਼ਾ ਕਸ਼ਮੀਰ ਨੂੰ ਪਾਕਿ-ਸਤਾਨ ਤੋਂ ਲੈਣ ਦੀ ਮੰਗ ਉਠਣ ਦੀ ਖਬਰ ਆ ਰਹੀ ਹੈ। ਉਹ ਕਹਿ ਰਹੇ ਹਨ ਕਿ ਪਾਕਿਸਤਾਨ ਕੁਝ ਕਰਨ 'ਚ ਸਮਰੱਥ ਨਹੀਂ। ਉਹ (ਪਾਕਿਸਤਾਨੀ) ਕਸ਼ਮੀਰ ਲਈ ਅੱਧਾ ਘੰਟਾ ਵੀ ਖੜੇ ਨਹੀਂ ਰਹਿ ਸਕੇ। ਇਸ ਲਈ ਮੈਨੂੰ ਇਹ ਕਹਿਣਾ ਪੈ ਰਿਹਾ ਹੈ ਕਿ ਜੇ ਭਾਰਤ ਮਕਬੂਜ਼ਾ ਕਸ਼ਮੀਰ ਲੈਣ ਲਈ ਵਧਦਾ ਹੈ ਤਾਂ ਉਹ (ਪਾਕਿਸਤਾਨ) ਕੀ ਕਰ ਸਕਦੇ ਹਨ? ਹਾਂ, ਉਹ ਕੁਝ ਵੀ ਨਹੀਂ ਕਰ ਸਕਦੇ।' ਇਸ ਪਿੱਛੋਂ ਉਹ ਆਪਣੇ ਬਿਆਨ 'ਤੇ ਹੱਸਣ ਲੱਗਦੀ ਹੈ। ਪਾਕਿਸਤਾਨੀ ਮੂਲ ਦੀ ਬ੍ਰਿਟਿਸ਼ ਨਾਗਰਿਕ ਰੇਹਮ ਪੇਸ਼ੇ ਤੋਂ ਪੱਤਰਕਾਰ ਹਨ। ਉਹ ਇਮਰਾਨ ਦੀ ਦੂਜੀ ਪਤਨੀ ਰਹਿ ਚੁੱਕੀ ਹੈ। ਦੋਵਾਂ ਨੇ ਜਨਵਰੀ 2015 'ਚ ਨਿਕਾਹ ਕੀਤਾ ਸੀ। ਉਨ੍ਹਾਂ ਦਾ ਵਿਆਹੁਤਾ ਜੀਵਨ ਇਕ ਸਾਲ ਵੀ ਨਹੀਂ ਚੱਲ ਸਕਿਆ ਅਤੇ ਤਲਾਕ ਹੋ ਗਿਆ ਸੀ।

# ਬ੍ਰਿਟੇਨ ਵਿੱਚ ਮੱਧ-ਕਾਲੀ ਚੋਣਾਂ ਕਰਵਾਉਣ ਦੇ ਸੰਕੇਤ

ਲੰਡਨ, 3 ਸਤੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ ਕੱਲ੍ਹ ਮੰਤਰੀਆਂ ਦੀ ਬੈਠਕ 'ਚ ਸਾਫ ਸੰਦੇਸ਼ ਦੇ ਦਿੱਤਾ ਕਿ ਬ੍ਰੈਗਜ਼ਿਟ ਮਾਮਲੇ 'ਤੇ ਪਾਰਲੀਮੈਂਟ ਵਿੱਚ ਸਰਕਾਰ ਦੀ ਹਾਰ ਹੋ ਜਾਂਦੀ ਹੈ ਤਾਂ ਉਹ ਮੱਧਕਾਲੀ ਚੋਣਾਂ ਕਰਵਾਉਣ 'ਤੇ ਵਿਚਾਰ ਕਰ ਸਕਦੇ ਹਨ।

ਬੋਰਿਸ ਜੌਨਸਨ ਦਾ ਇਹ ਰੁਖ਼ ਵਿਰੋਧੀ ਧਿਰ ਦੀ ਬਿਨਾਂ ਸ਼ਰਤ ਬ੍ਰੈਗਜ਼ਿਟ ਰੋਕਣ ਦੀ ਮੁਹਿੰਮ ਨੂੰ ਵੇਖਦੇ ਹੋਏ ਹੀ ਸਾਹਮਣੇ ਆਇਆ ਹੈ। ਇਸ ਮੁਹਿੰਮ ਨੂੰ ਸੱਤਾ ਧਿਰ ਦੇ ਵੀ ਕੁਝ ਪਾਰਲੀਮੈਂਟ ਮੈਂਬਰਾਂ ਦੀ ਹਮਾਇਤ ਮਿਲੀ ਹੈ। ਜੌਨਸਨ ਹਰ ਹਾਲ ਵਿੱਚ 31 ਅਕਤੂਬਰ ਨੂੰ ਯੂਰਪੀ ਯੂਨੀਅਨ ਨਾਲ ਸਬੰਧ ਤੋੜਨ ਦੇ ਐਲਾਨ ਦੇ ਨਾਲ ਜੁਲਾਈ ਵਿੱਚ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬਣੇ ਹਨ, ਪਰ ਬ੍ਰੈਗਜ਼ਿਟ ਨਾਲ ਸਬੰਧਤ ਸਰਕਾਰੀ ਮਤਾ ਤਿੰਨ ਵਾਰ ਰੱਦ ਕਰ ਚੁੱਕੀ ਪਾਰਲੀਮੈਂਟ ਜੌਨਸਨ ਦੇ ਨਾਲ ਵੀ ਆਉਂਦੀ ਨਹੀਂ ਦਿੱਸੀ। ਇਸ ਤੋਂ ਬਾਅਦ ਜੌਨਸਨ ਨੇ ਮਹਾਰਾਣੀ ਨੂੰ ਭਰੋਸੇ 'ਚ ਲੈ ਕੇ ਪਾਰਲੀਮੈਂਟ ਸਸਪੈਂਡ ਕਰਵਾ ਲਈ ਹੈ। ਉਹ ਚਾਹੁੰਦੇ ਹਨ ਕਿ 31 ਅਕਤੂਬਰ ਨੂੰ ਉਹ ਯੂਰਪੀ ਯੂਨੀਅਨ ਦਾ ਸਾਥ ਛੱਡ ਦੇਣ, ਬੇਸ਼ੱਕ ਇਹ ਸਭ ਬਿਨਾਂ ਸ਼ਰਤ ਹੋਵੇ, ਪਰ ਉਨ੍ਹਾਂ ਦਾ ਇਹ ਦਾਅ ਉਲਟਾ ਪੈਂਦਾ ਦਿੱਸ ਰਿਹਾ ਹੈ। ਬਿਨਾਂ ਸ਼ਰਤ ਬ੍ਰੈਗਜ਼ਿਟ ਦੀ ਵਿਰੋਧੀ ਲੇਬਰ ਪਾਰਟੀ, ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਦੇ ਕੁਝ ਪਾਰਲੀਮੈਂਟ ਮੈਂਬਰ ਤੇ ਬ੍ਰੈਗਜ਼ਿਟ ਵਿਰੋਧੀ ਪਾਰਲੀਮੈਂਟ ਮੈਂਬਰ ਇਕੱਠੇ ਹੋ ਗਏ ਹਨ। ਉਹ ਬਿਨਾਂ ਸ਼ਰਤ ਬ੍ਰੈਗਜ਼ਿਟ ਦੇ ਖਿਲਾਫ ਮਤਾ ਪਾਸ ਕਰਨ ਦੀ ਗੱਲ ਕਹਿ ਰਹੇ ਹਨ। ਵਿਰੋਧੀ ਧਿਰ ਦੇ ਇਸ ਰੁਖ਼ ਕਾਰਨ ਬ੍ਰਿਟੇਨ 'ਚ ਬ੍ਰੈਗਜ਼ਿਟ ਦਾ ਮਾਮਲਾ ਠੰਢੇ ਬਸਤੇ 'ਚ ਪੈਂਦਾ ਦਿੱਸ ਰਿਹਾ ਹੈ।



ਇਸ ਲਈ ਜੌਨਸਨ ਨੇ ਪਾਰਲੀਮੈਂਟ ਮੈਂਬਰਾਂ ਨੂੰ ਮੱਧਕਾਲੀ ਚੋਣਾਂ ਦਾ ਡਰ ਪਾਇਆ ਹੈ। ਉਨ੍ਹਾ ਦਾ ਕਹਿਣਾ ਹੈ ਕਿ ਬਿਨਾਂ ਬ੍ਰੈਗਜ਼ਿਟ ਦੇ ਮੱਧਕਾਲੀ ਚੋਣਾਂ ਹੋਈਆਂ ਤਾਂ ਜਨਤਾ ਵਿਦਰੋਹ ਕਰਨ ਵਾਲੇ ਪਾਰਲੀਮੈਂਟ ਮੈਂਬਰਾਂ ਨੂੰ ਮਾਫ ਨਹੀਂ ਕਰੇਗੀ ਤੇ ਉਨ੍ਹਾਂ ਨੂੰ ਹਰਾਏਗੀ। ਉਨ੍ਹਾਂ ਦਾ ਅਨੁਮਾਨ ਹੈ ਕਿ ਇਹ ਡਰ ਕਈ ਪਾਰਲੀਮੈਂਟ ਮੈਂਬਰਾਂ ਨੂੰ ਪਿੱਛੇ ਹਟਣ ਲਈ ਮਜਬੂਰ ਕਰੇਗਾ।

ਇਸ ਦੇ ਜਵਾਬ 'ਚ ਲੇਬਰ ਪਾਰਟੀ ਦੇ ਨੇਤਾ ਜੈਰਮੀ ਕਾਰਬਿਨ ਨੇ ਕਿਹਾ ਹੈ ਕਿ ਉਹ ਸਮੇਂ ਮੁਤਾਬਕ ਆਮ ਚੋਣਾਂ ਚਾਹੁੰਦੇ ਹਨ, ਪਰ ਇਸ ਦਾ ਮਤਲਬ ਇਹ ਨਹੀਂ ਕਿ ਸਰਕਾਰ ਆਪਣੀ ਮਰਜ਼ੀ ਕਰੇ ਤੇ ਅਸੀਂ ਵੇਖਦੇ ਰਹੀਏ। ਕਾਰਬਿਨ ਨੇ ਸਾਫ ਕਿਹਾ ਕਿ ਅਸੀਂ ਇਸੇ ਹਫਤੇ ਬਿਨਾਂ ਸ਼ਰਤ ਬ੍ਰੈਗਜ਼ਿਟ ਦਾ ਰਸਤਾ ਰੋਕਣ ਦਾ ਕੰਮ ਕਰਾਂਗੇ, ਇਹ ਸਾਡੇ ਲਈ ਦੇਸ਼ ਨੂੰ ਸੰਕਟ ਤੋਂ ਬਚਾਉਣ ਦਾ ਆਖਰੀ ਮੌਕਾ ਹੈ।

## ਬੱਚਾ ਪੈਦਾ ਨਾ ਕਰਨ ਉੱਤੇ ਪ੍ਰੋਫੈਸਰ ਨੂੰ ਪਾਰਲੀਮੈਂਟ ਦੇ ਮੈਂਬਰ ਨੇ ਝਿੜਕਿਆ



ਸਿਓਲ, 3 ਸਤੰਬਰ (ਪੋਸਟ ਬਿਊਰੋ)- ਦੱਖਣੀ ਕੋਰੀਆ ਦੇ ਇੱਕ ਪਾਰਲੀਮੈਂਟ ਮੈਂਬਰ ਨੇ ਕੱਲ੍ਹ ਇੱਕ ਮਹਿਲਾ ਪ੍ਰੋਫੈਸਰ ਨੂੰ ਲੈ ਕੇ ਬਹੁਤ ਅਜੀਬ ਬਿਆਨ ਦਿੱਤਾ। ਉਸ ਨੇ ਉਸ ਮਹਿਲਾ ਨੂੰ ਕਿਹਾ ਕਿ ਉਸ ਨੇ ਕਿਸੇ ਬੱਚੇ ਨੂੰ ਜਨਮ ਨਾ ਦੇ ਕੇ ਦੇਸ਼ ਪ੍ਰਤੀ ਆਪਣੇ ਫਰਜ਼ ਨੂੰ ਪੂਰਾ ਨਹੀਂ ਕੀਤਾ।

ਭਾਵੇਂ ਦੱਖਣੀ ਕੋਰੀਆ ਤਕਨੀਕ ਅਤੇ ਆਰਥਿਕ ਤੌਰ 'ਤੇ ਸੰਪੰਨ ਹੈ, ਪਰ ਸਮਾਜ ਵਿੱਚ ਅਜੇ ਵੀ ਰੂੜੀਵਾਦੀ ਸੋਚ ਭਾਰੂ ਹੈ। ਦੇਸ਼ ਵਿੱਚ ਬੱਚਿਆਂ ਦੇ ਪਾਲਣ 'ਤੇ ਆਉਣ ਵਾਲੇ ਖਰਚ ਤੇ ਆਪਣੇ ਕਰੀਅਰ ਨੂੰ ਦੇਖਦੇ ਹੋਏ ਬੱਚੇ ਨੂੰ ਜਨਮ ਨਾ ਦੇਣ ਦੀ ਸੋਚ ਰੱਖਣ ਵਾਲੀਆਂ ਔਰਤਾਂ ਦੀ ਗਿਣਤੀ ਵਧ ਰਹੀ ਹੈ। ਸਰਕਾਰ ਜਨਮ ਦਰ ਉਤਸ਼ਾਹਤ ਕਰਨ ਲਈ 2005 ਤੋਂ ਕਰੋੜਾਂ ਡਾਲਰ ਖਰਚ ਕਰ ਚੁੱਕੀ ਹੈ। ਦੱਖਣੀ ਕੋਰੀਆ ਘੱਟ ਜਨਮ ਦਰ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ।

ਵਿਰੋਧੀ ਧਿਰ ਦੀ ਲਿਬਰਟੀ ਕੋਰੀਆ ਪਾਰਟੀ ਦੇ ਪੰਜ ਵਾਰ ਦੇ ਪਾਰਲੀਮੈਂਟ ਮੈਂਬਰ ਜਿਓਂਗ ਕਾਬ ਯੂਨ ਨੇ ਇੱਕ ਅਣਵਿਆਹੀ ਮਹਿਲਾ ਪ੍ਰੋਫੈਸਰ ਜਾ ਸੁੰਗ ਵੂਕ ਨੂੰ ਬੱਚੇ ਨੂੰ ਜਨਮ ਨਾ ਦੇਣ ਦੀ ਵਜ੍ਹਾ ਕਰ ਕੇ ਝਿੜਕ ਦਿੱਤਾ। ਵੂਕ ਲਗਭਗ ਪੰਜਾਹ ਸਾਲ ਦੀ ਹੈ। ਫੇਅਰ ਟ੍ਰੇਡ ਕਮਿਸ਼ਨ ਦੇ ਮੁਖੀ ਦੇ ਅਹੁਦੇ 'ਤੇ ਨਿਯੁਕਤੀ ਲਈ ਵੂਕ ਦੀ ਸੁਣਵਾਈ ਹੋ ਰਹੀ ਸੀ। ਯੂਨ ਨੇ ਕਿਹਾ ਕਿ ਤੁਹਾਡਾ ਰਿਜਿਊਮੇ ਬਹੁਤ ਚੰਗਾ ਹੈ, ਪਰ ਦੇਸ਼ ਪ੍ਰਤੀ ਆਪਣੇ ਫਰਜ਼ ਨੂੰ ਪੂਰਾ ਕਰੋ। ਇਹ ਸੁਣ ਕੇ ਵੂਕ ਹੈਰਾਨ ਰਹਿ ਗਈ ਸੀ, ਪਰ ਉਸ ਨੇ ਇਸ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਇਸ ਬਾਰੇ ਸੋਸ਼ਲ ਮੀਡੀਆ 'ਤੇ ਕਾਫੀ ਵਿਵਾਦ ਹੋ ਗਿਆ ਹੈ ਤੇ ਲੋਕ ਪਾਰਲੀਮੈਂਟ ਮੈਂਬਰ ਦੇ ਬਿਆਨ ਦੀ ਆਲੋਚਨਾ ਕਰ ਰਹੇ ਹਨ।

## ਚਿਹਰਾ ਬਦਲਣ ਵਾਲੇ ਚੀਨੀ ਐਪ ਤੋਂ ਪ੍ਰਾਈਵੇਸੀ ਦੇ ਸਵਾਲ ਉੱਠੇ



ਸ਼ੰਘਾਈ, 3 ਸਤੰਬਰ (ਪੋਸਟ ਬਿਊਰੋ)- ਚੀਨ 'ਚ ਲਾਂਚ ਹੋਇਆ ਚਿਹਰਾ ਬਦਲਣ ਦਾ ਐਪ 'ਜਾਓ' ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਚੀਨ ਦੇ ਆਈ ਓ ਐਸ (ਆਪਰੇ-ਟਿੰਗ ਸਿਸਟਮ) ਐਪ ਸਟੋਰ 'ਤੇ ਇਸ ਨੂੰ ਬੀਤੇ ਸ਼ੁੱਕਰਵਾਰ ਨੂੰ ਅਪਲੋਡ ਕੀਤਾ ਗਿਆ ਸੀ। ਤਿੰਨ ਦਿਨ 'ਚ ਹੀ ਲੱਖਾਂ ਲੋਕਾਂ ਨੇ ਇਸ ਨੂੰ ਡਾਊਨਲੋਡ ਕਰ ਲਿਆ ਹੈ। ਇਸ ਐਪ ਰਾਹੀਂ ਯੂਜ਼ਰ ਕਿਸੇ ਵੀਡੀਓ 'ਚ ਅਦਾਕਾਰ ਜਾਂ ਖਿਡਾਰੀ ਆਦਿ ਦੇ ਚਿਹਰੇ ਨੂੰ ਖੁਦ ਦੇ ਚਿਹਰੇ 'ਚ ਬਦਲ ਸਕਦੇ ਹਨ। ਕਈ ਲੋਕਾਂ ਨੇ ਇਸ ਨੂੰ ਯੂਜ਼ਰ ਦੀ ਨਿੱਜਤਾ ਲਈ ਖਤਰਾ ਵੀ ਦੱਸਿਆ ਹੈ।

ਇਸ ਐਪ ਨੂੰ ਬਣਾਉਣ ਵਾਲੇ ਮੋਮੋ ਇੰਕ ਨੇ ਚੀਨ ਦੀ ਮਾਈਕ੍ਰੋ ਬਲਾਗਿੰਗ ਸਾਈਟ ਵੀਬੋ ਉਤੇ ਇਕ ਪੋਸਟ 'ਚ ਕਿਹਾ ਕਿ ਇੰਟਰਨੈਟ 'ਤੇ ਟ੍ਰੈਫਿਕ ਵਧਣ ਨਾਲ ਜਾਓ ਦਾ ਸਰਵਰ ਲਗਭਗ ਕ੍ਰੈਸ਼ ਹੋ ਗਿਆ ਸੀ। ਦੁਨੀਆ ਭਰ ਵਿੱਚ ਐਪ ਡਾਊਨਲੋਡ ਦੀ ਨਿਗਰਾਨੀ ਕਰਨ ਵਾਲੇ ਐਪ ਐਨੀ ਮੁਤਾਬਕ, ਇਕ ਸਤੰਬਰ ਤੱਕ 'ਜਾਓ' ਚੀਨ ਦੇ ਐਪ ਸਟੋਰ 'ਚ ਫਰੀ 'ਚ ਸਭ ਤੋਂ ਜ਼ਿਆਦਾ ਵਾਰ ਡਾਊਨਲੋਡ ਕੀਤਾ ਗਿਆ ਐਪ ਹੈ। 'ਜਾਓ' ਨੂੰ ਡਾਊਨਲੋਡ ਕਰਨ ਲਈ ਯੂਜ਼ਰ ਨੂੰ ਆਪਣੇ ਫੋਨ ਨੰਬਰ ਨਾਲ ਸਾਈਨ ਅਪ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਆਪਣੇ ਸਮਾਰਟਫੋਨ ਤੋਂ ਲਈ ਕੋਈ ਤਸਵੀਰ ਵੀ ਅਪਲੋਡ ਕਰਨੀ ਪੈਂਦੀ ਹੈ। ਫਿਰ ਉਹ ਐਪ 'ਚ ਸ਼ਾਮਲ ਕੀਤੇ ਗਏ ਵੀਡੀਓ 'ਚ ਸੈਲੇਬ੍ਰਿਟੀ ਦੇ ਚਿਹਰੇ ਨੂੰ ਖੁਦ ਦੇ ਚਿਹਰੇ ਨਾਲ ਬਦਲ ਕੇ ਆਪਣੇ ਦੋਸਤ ਨਾਲ ਨਵਾਂ ਵੀਡੀਓ ਸਾਂਝਾ ਕਰ ਸਕਦੇ ਹਨ। ਚੀਨ ਦੀਆਂ ਮਸ਼ਹੂਰ ਹਸਤੀਆਂ ਦੇ ਨਾਲ ਹੀ ਇਸ ਐਪ 'ਚ ਲਿਓਨਾਰਡੋ ਡਿਕੈਪ੍ਰਿਓ ਜਿਹੇ ਹਾਲੀਵੁੱਡ ਸਿਤਾਰਿਆਂ ਦੇ ਵੀ ਵੀਡੀਓ ਸ਼ਾਮਲ ਕੀਤੇ ਗਏ ਹਨ।

ਐਪ ਵਾਇਲ ਹੁੰਦੇ ਸਾਰ ਕੁਝ ਯੂਜ਼ਰਜ਼ ਨੇ ਇਸ ਦੇ ਨਿੱਜਤਾ ਨਿਯਮਾਂ ਬਾਰੇ ਸ਼ਿਕਾਇਤ ਕੀਤੀ ਹੈ। ਅਸਲ 'ਚ ਐਪ 'ਤੇ ਤਸਵੀਰ ਅਪਲੋਡ ਕਰਨ ਦੇ ਨਾਲ ਹੀ ਯੂਜ਼ਰ ਮਾਰਕੀਟਿੰਗ ਲਈ 'ਜਾਓ' ਨੂੰ ਉਸ ਤਸਵੀਰ ਦਾ ਵਰਤਣ ਦੀ ਇਜਾਜ਼ਤ ਦੇ ਦਿੰਦਾ ਹੈ। 'ਜਾਓ' ਨੇ ਛੇਤੀ ਹੀ ਇਸ ਸਮੱਸਿਆ ਨੂੰ ਦੂਰ ਕਰਨ ਦੀ ਗੱਲ ਕਹੀ ਹੈ। ਵੀਬੋ ਉੱਤੇ ਪੋਸਟ ਵਿੱਚ ਜਾਓ ਨੇ ਕਿਹਾ, 'ਅਸੀਂ ਨਿੱਜਤਾ ਦੇ ਘਾਣ ਨੂੰ ਲੈ ਕੇ ਉਠਾਈ ਜਾ ਰਹੀ ਚਿੰਤਾ ਸਮਝਦੇ ਹਾਂ। ਛੇਤੀ ਹੀ ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰ ਲਿਆ ਜਾਵੇਗਾ।' ਫਿਰ ਵੀ ਇਸ ਬਾਰੇ ਵਿਵਾਦ ਜਾਰੀ ਹੈ।

## ਲਾਹੌਰ ਤੋਂ ਸ੍ਰੀ ਨਨਕਾਣਾ ਸਾਹਿਬ ਤੱਕ ਬਾਬਾ ਗੁਰੂ ਨਾਨਕ ਗੱਡੀ ਚਲਾਈ ਜਾਵੇਗੀ

ਅੰਮ੍ਰਿਤਸਰ, 3 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਜ਼ਿਲਾ ਨਨਕਾਣਾ ਸਾਹਿਬ ਦੇ ਰੇਲਵੇ ਸਟੇਸ਼ਨ ਦੀ ਚੱਲ ਰਹੀ ਉਸਾਰੀ ਦਾ ਜਾਇਜ਼ਾ ਲੈਣ ਗਏ ਪਾਕਿ ਦੇ ਰੇਲਵੇ ਮੰਤਰੀ ਸ਼ੇਖ ਰਸ਼ੀਦ ਅਹਿਮਦ ਨੇ ਕਿਹਾ ਕਿ ਜਲਦੀ ਹੀ ਲਾਹੌਰ ਤੋਂ ਸ੍ਰੀ ਨਨਕਾਣਾ ਸਾਹਿਬ ਵਿਚਾਲੇ ਰੇਲ ਗੱਡੀ ਚਲਾਈ ਜਾਵੇਗੀ ਤੇ ਇਸ ਦਾ ਨਾਂਅ ਬਾਬਾ ਗੁਰੂ ਨਾਨਕ ਗੱਡੀ ਹੋਵੇਗਾ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਸ਼ਾਂਤੀ ਦਾ ਸੰਦੇਸ਼ ਦਿੱਤਾ ਸੀ ਅਤੇ ਪਾਕਿਸਤਾਨ ਸ਼ਾਂਤੀ ਦੇ ਹੱਕ 'ਚ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ੇਖ ਰਸ਼ੀਦ ਅਹਿਮਦ ਨੇ ਕਿਹਾ ਕਿ ਨਨਕਾਣਾ ਸਾਹਿਬ 'ਚ ਸਿੱਖਾਂ ਦੀਆਂ ਭਾਵਨਾਵਾਂ ਅਨੁਸਾਰ ਰੇਲਵੇ ਸਟੇਸ਼ਨ ਦਾ ਨਾਂਅ ਬਾਬਾ ਗੁਰੂ ਨਾਨਕ ਜੀ ਦੇ ਨਾਂਅ 'ਤੇ ਰੱਖਿਆ ਗਿਆ ਹੈ ਤੇ ਇਹ ਨਿਰਮ-ਾਣ ਅਧੀਨ ਸਟੇਸ਼ਨ ਜਲਦੀ ਤਿਆਰ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਪਾਕਿ ਸਰਕਾਰ ਨੇ ਸ੍ਰੀ ਕਰਤਾਰਪੁਰ ਸਾਹਿਬ ਤੋਂ ਭਾਰਤੀ ਸਰਹੱਦ ਡੇਰਾ ਬਾਬਾ ਨਾਨਕ ਤੱਕ ਰੇਲਵੇ ਲਾਈਨ ਬਣਾਉਣ ਦੇ ਲਈ ਭਾਰਤ ਨੂੰ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਕਰਤਾਰਪੁਰ ਤੋਂ ਭਾਰਤੀ ਸਰਹੱਦ ਤੱਕ ਰੇਲਵੇ ਪਟੜੀ ਬਣਾਉਣ ਲਈ ਤਿਆਰ ਹੈ ਤੇ ਜਲਦੀ ਬਾਅਦ ਪਾਕਿ ਰੇਲਵੇ ਵੱਲੋਂ ਲਾਹੌਰ, ਨਾਰੋਵਾਲ ਤੋਂ ਸਿਆਲਕੋਟ ਹੁੰਦੇ ਹੋਏ ਰਾਵਲਪਿੰਡੀ ਤੱਕ ਰੇਲ ਸੇਵਾ ਸ਼ੁਰੂ ਕੀਤੀ ਜਾਵੇਗੀ। ਉਕਤ ਰੇਲਵੇ ਲਾਈਨ ਦਾ ਨਿਰਮਾਣ ਸਿੱਖ ਭਾਈਚਾਰੇ ਦੀ ਸਹੂਲਤ ਲਈ ਹੋਵ-ੇਗਾ। ਮੰਤਰੀ ਨੇ ਦੱਸਿਆ ਕਿ ਪਾਕਿ ਸਰਕਾਰ ਵੱਲੋਂ ਸ੍ਰੀ ਕਰਤਾਰਪੁਰ ਸਾਹਿਬ ਤੋਂ ਸਿਆਲਕੋਟ ਹਵਾਈ ਅੱਡੇ ਲਈ ਨਵੀਂ ਸੜਕ ਬਣਾਉਣ ਦੀ ਵੀ ਯੋਜਨਾ ਬਣਾਈ ਜਾ ਰਹੀ ਹੈ, ਜਿਸ ਨਾਲ ਵਿਦੇਸ਼ ਤੋਂ ਹਵਾਈ ਜਹਾਜ਼ ਰਾਹੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਹੁੰਚਣ ਵਾਲੇ ਸਿੱਖ ਯਾਤਰੂ ਸਿਆਲਕੋਟ ਤੋਂ ਸਿਰਫ ਅੱਧੇ ਘੰਟੇ 'ਚ ਗੁਰਦੁਆਰਾ ਸਾਹਿਬ 'ਚ ਪਹੁੰਚ ਸਕਣਗੇ।

## ਉਈਗਰਾਂ ਖਿਲਾਫ ਚੀਨ ਦਾ ਸੱਚ ਸਾਹਮਣੇ ਆ ਗਿਆ

ਬੀਜਿੰਗ, 3 ਸਤੰਬਰ (ਪੋਸਟ ਬਿਊਰੋ)- ਚੀਨ ਆਪਣੇ ਪੱਛਮ ਉਤਰੀ ਸ਼ਿਨਜਿਆਂਗ ਸੂਬੇ 'ਚ ਘੱਟ ਗਿਣਤੀ ਉਈਗਰ ਮੁਸਲਮਾਨਾਂ ਦੇ ਸ਼ੋਸ਼ਣ ਬਾਰੇ ਦੁਨੀਆ ਭਰ 'ਚ ਐਵੇਂ ਬਦਨਾਮ ਨਹੀਂ। ਅੰਕੜਿਆਂ ਮੁਤਾਬਕ ਚੀਨ ਨੇ ਧਾਰਮਿਕ ਕੱਟੜਪੰਥ ਤੇ ਅੱਤਵਾਦ ਨੂੰ ਦਬਾਉਣ ਦੇ ਨਾਂ 'ਤੇ ਇਸ ਖੁਦਮੁਖਤਾਰ ਖੇਤਰ ਨੂੰ ਕੈਦਖਾਨੇ 'ਚ ਤਬਦੀਲ ਕਰ ਦਿੱਤਾ ਹੈ।

ਸਥਾਨਕ ਸਰਕਾਰੀ ਵਕੀਲੀ ਦਫਤਰ ਦੇ ਅੰਕੜਿਆਂ ਮੁਤਾਬਕ ਸਾਲ 2017 'ਚ ਇਥੇ ਵੱਡੀ ਗਿਣਤੀ 'ਚ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਚੀਨ 'ਚ ਲਗਾਤਾਰ ਹਰ ਪੰਜਵਾਂ ਵਿਅਕਤੀ ਸ਼ਿਨਜਿਆਂਗ ਸੂਬੇ ਦਾ ਵਸਨੀਕ ਸੀ, ਜਦ ਕਿ ਚੀਨ ਦੀ ਆਬਾਦੀ ਵਿੱਚ ਇਥੋਂ ਦਾ ਹਿੱਸਾ ਮਸਾਂ ਦੋ ਫੀਸਦੀ ਹੈ। ਸਾਲ 2017 ਦੇ ਸ਼ਿਨਜਿਆਂਗ ਸਾਲਾਨਾ ਅੰਕੜੇ ਮੁਤਾਬਕ ਜਨਤਕ ਸੁਰੱਖਿਆ ਨੂੰ ਖਤਰਾ ਪਹੁੰਚਾਉਣ ਦੇ ਦੋਸ਼ 'ਚ 2017 'ਚ 60,510 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ, ਜਦ ਕਿ ਇਕ ਦਹਾਕਾ ਪਹਿਲਾਂ 2007 'ਚ ਇਹ ਗਿਣਤੀ ਸਿਰਫ 1710 ਸੀ। 2017 'ਚ ਸਮਾਜਕ ਵਿਵਸਥਾ ਦਾ ਨੁਕਸਾਨ ਕਰਨ ਦੇ 50 ਹਜ਼ਾਰ ਦੇ ਕਰੀਬ ਮਾਮਲੇ ਦਰਜ ਕੀਤੇ ਗਏ ਸਨ, ਜਦ ਕਿ 2007 'ਚ ਇਹ ਗਿਣਤੀ ਸਿਰਫ 1764 ਸੀ।

ਐਮਨੈਸਟੀ ਇੰਟਰਨੈਸ਼ਨਲ ਦੇ ਚੀਨੀ ਖੋਜਕਰਤਾ ਪੈਟ੍ਰਿਕ ਪੂਨ ਦਾ ਕਹਿਣਾ ਹੈ ਕਿ ਜਨਤਕ ਸੁਰੱਖਿਆ ਨੂੰ ਖਤਰਾ ਬਣਨ ਦੇ ਦੋਸ਼ ਵਿੱਚ ਗ੍ਰਿਫਤਾਰੀਆਂ ਵਿੱਚ ਵਾਧੇ ਤੋਂ ਸਾਫ ਹੈ ਕਿ ਉਈਗਰ ਤੇ ਹੋਰਨਾਂ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਲਈ ਨਿਆਇਕ ਵਿਵਸਥਾ ਨੂੰ ਵੀ ਹਥਿਆਰ ਬਣਾਇਆ ਗਿਆ। ਮੁਸਲਮਾਨਾਂ ਖਾਸਕਰ ਉਈਗਰ ਮੁਸਲਮਾਨਾਂ ਵਾਲੇ ਸ਼ਿਨਜਿਆਂਗ ਸੂਬੇ 'ਚ ਬੀਤੇ ਸਾਲਾਂ 'ਚ ਧਾਰਮਿਕ ਕੱਟੜਪੰਥ ਤੇ ਅੱਤਵਾਦ ਨੂੰ ਦਬਾਉਣ ਲਈ ਚੀਨ ਨੇ ਸਖਤ ਕਦਮ ਚੁੱਕੇ ਹਨ। ਇਸ ਨੂੰ ਲੈ ਕੇ ਦੁਨੀਆ ਭਰ 'ਚ ਚੀਨ ਦੀ ਨਿੰਦਾ ਵੀ ਹੁੰਦੀ ਹੈ, ਪਰ ਚੀਨ ਆਪਣੀ ਨੀਤੀ ਨੂੰ ਸਹੀ ਠਹਿਰਾਉਂਦਾ ਹੈ।

## ਪ੍ਰੈਗਨੈਂਟ ਮਹਿਲਾ ਦਾ ਬ੍ਰੇਨ ਡੈੱਡ, ਬੱਚੇ ਦਾ ਜਨਮ ਹੋਣ ਤੱਕ ਮਾਂ ਨੂੰ 117 ਦਿਨ ਜ਼ਿੰਦਾ ਰੱਖਿਆ ਗਿਆ

